ਮਾਸਿਕ ੴ ਪੱਤਰ


ਵਾਹਿਗੁਰੂ ਜੀ ਕੀ ਫ਼ਤਹ॥

# ਸੂਰਾ

ਲੁਧਿਆਣਾ

**MONTHLY SURA LUDHIANA**

ਸਤੰਬਰ ੧੯੯੬



SEPT 1996

ਸਿੰਘਾਸਣ ਤੇ ਬਿਰਾਜਮਾਨ ਜੁਗੋ ਜੁਗ ਅਟੱਲ ਸਤਿਗੁਰੂ
ਸ੍ਰੀ ਗੁਰੂ ਗ੍ਰੰਥ ਸਾਹਿਬ ਜੀ

www.AKJ.Org

# ਗੁਰਸਿਖ ਮੀਤ ਚਲਹੁ ਗੁਰ ਚਾਲੀ

## ਤਤਕਰਾ


੧. ਤੇਰਾ ਜਨ ਏਕੁ ਆਧੁ ਕੋਈ — ੧
੨. ਅਰਥ ਵਿਆਖਿਆ — ੨
੩. ਪਾਰ ਨਿਸਤਾਰਾ — ੪
੪. ਮੇਰੈ ਅੰਤਰਿ ਲੋਚਾ ਮਿਲਣ ਕੀ — ੬
੫. ਜੋਤੀ ਸੰਗਿ ਜੋਤਿ ਸਮਾਨਾ (੨) — ੯
੬. ਬਾਣੀ ਗੁਰੂ, ਗੁਰੂ ਹੈ ਬਾਣੀ — ੧੨
੭. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਮਹਾਨਤਾ — ੧੫
੮. ਸ੍ਰੀ ਗੁਰੂ ਰਾਮਦਾਸ ਜੀ ਦੇ ਉਪਦੇਸ਼ — ੧੯
੯. ਗਾਵਿਆ ਸੁਣਿਆ ਤਿਨ ਕਾ ......... ਜਿਨ ਸਤਿਗੁਰ ਕੀ ਆਗਿਆ......... — ੨੨
੧੦. GURU KA LANGAR — ੨੬
੧੧. ਬਾਬਾ ਰਾਮ ਸਿੰਘ ਅਤੇ ਮਾਈ ਪ੍ਰੇਮ ਕੌਰ ਜੀ — ੩੦
੧੨. ਜੈਤਸਰੀ ਕੀ ਵਾਰ (੪) — ੩੩
੧੩. ਸਾਵਣੁ ਆਇਆ ਹੇ ਸਖੀ (੨) — ੩੫
੧੪. ਬਾਬਾ ਬੁੱਢਾ ਜੀ — ੩੭
੧੫. ਰਿਸ਼ਤੇ ਨਾਤੇ — ੪੦


## ਗੁਰਪੁਰਬ ਤੇ ਇਤਿਹਾਸਕ ਦਿਹਾੜੇ

| | |
|---|---|
| ਜਨਮ ਬਾਬਾ ਬੁੱਢਾ ਜੀ | ੧੨ ਸਤੰਬਰ |
| ਗੁਰਿਆਈ ਸ੍ਰੀ ਗੁਰੂ ਅਰਜਨ ਦੇਵ ਜੀ | ੧੪ ਸਤੰਬਰ |
| ਜੋੜ ਮੇਲਾ ਕੰਧ ਸਾਹਿਬ (ਬਟਾਲਾ) | ੧੯ ਸਤੰਬਰ |
| ਜੋਤੀ ਜੋਤ ਸ੍ਰੀ ਗੁਰੂ ਅਮਰਦਾਸ ਜੀ | ੨੭ ਸਤੰਬਰ |
| ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਹਿਲਾ ਪ੍ਰਕਾਸ਼ | ੧੩ ਸਤੰਬਰ |
| ਜੋਤੀ ਜੋਤ ਸ੍ਰੀ ਗੁਰੂ ਰਾਮਦਾਸ ਜੀ | ੧੬ ਸਤੰਬਰ |
| ਗੁਰਿਆਈ ਸ੍ਰੀ ਗੁਰੂ ਰਾਮਦਾਸ ਜੀ | ੨੫ ਸਤੰਬਰ |
| ਜਨਮ ਸਾਹਿਬਜ਼ਾਦਾ ਜੁਝਾਰ ਸਿੰਘ ਜੀ | ੨੯ ਸਤੰਬਰ |

## ਸੂਰਾ ਦੇ ਚੰਦੇ ਤੇ ਬਕਾਏ ਜਮ੍ਹਾਂ ਕਰਵਾ ਕੇ ਰਸੀਦ ਲਵੋ ਜੀ।

੧. **ਲੁਧਿਆਣਾ** – ਸਬ ਆਫ਼ਿਸ "ਸੂਰਾ"– ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਮਾਡਲ ਟਾਊਨ, ਲੁਧਿਆਣਾ।
੨. **ਜਲੰਧਰ** – ਭਾਈ ਤ੍ਰਿਲੋਕ ਸਿੰਘ ਜੀ, ਮੈ: ਸੰਤ ਸਿੰਘ ਤ੍ਰਿਲੋਕ ਸਿੰਘ, ਚੌਕ ਪੰਜ ਪੀਰ।
੩. **ਹੁਸ਼ਿਆਰਪੁਰ** – ਭਾਈ ਹਰਿਮੰਦਰ ਸਿੰਘ ਜੀ, ਭਾਈ ਸੇਵਾ ਸਿੰਘ ਹਰਿਮੰਦਰ ਸਿੰਘ, ਬੈਂਕ ਬਾਜ਼ਾਰ।
੪. **ਪਟਿਆਲਾ** – ਭਾਈ ਆਸਾ ਸਿੰਘ ਐਂਡ ਸੰਨਜ਼, ਨੇੜੇ ਗੁ: ਦੁਖ ਨਿਵਾਰਨ ਸਾਹਿਬ।
੫. **ਚੰਡੀਗੜ੍ਹ ਤੇ ਮੋਹਾਲੀ** – ਭਾਈ ਭੋਜਿੰਦਰ ਸਿੰਘ ਜੀ, ੫੩੩/੩ –ਏ ਫ਼ੇਜ਼, ਐਸ ਏ ਐਸ ਨਗਰ, ਮੋਹਾਲੀ।
੬. **ਕਪੂਰਥਲਾ** – ਭਾਈ ਚਰਨਪਾਲ ਸਿੰਘ, ਸਿੰਘ ਆਰਟਸ, ਨੇੜੇ ਸਟੇਟ ਗੁਰਦੁਆਰਾ ਸਾਹਿਬ।
੭. **ਸਾਰੇ ਸਮਾਗਮਾਂ ਸਮੇ** – ਭਾਈ ਬਲਵੰਤ ਸਿੰਘ ਖ਼ਾਲਸਾ, ਗਲੀ ਨੰ: ੨, ਕਾਸ਼ੀ ਨਗਰ, ਫ਼ਿਰੋਜ਼ਪੁਰ ਸ਼ਹਿਰ।
੮. **ਬਠਿੰਡਾ** – ਭਾਈ ਬਘੇਲ ਸਿੰਘ (ਗੋਬਿੰਦ ਸਿੰਘ) ਜੀ, ਮਕਾਨ ਨੰ: ੭੮੧੯, ਨੇੜੇ ਡੰਗਰਾਂ ਦਾ ਹਸਪਤਾਲ।
੯. **ਮੋਗਾ** – ਭਾਈ ਪਰਮਿੰਦਰ ਸਿੰਘ ਜੀ, ਪੁਰਾਣਾ ਗੁਲਾਬੀ ਬਾਗ ਜੀ. ਟੀ. ਰੋਡ ਫ਼ੋਨ : ੨੪੩੪੮, ੨੧੬੮੧
੧੦. **ਅੰਮ੍ਰਿਤਸਰ** – ਸਿੰਘ ਬ੍ਰਦਰਜ਼ ਬਾਜ਼ਾਰ ਮਾਈ ਸੇਵਾ (ਘੰਟਾ ਘਰ ਦੇ ਸਾਹਮਣੇ) ਫ਼ੋਨ: ੪੫੫੭੮੭, ਘਰ: ੨੩੧੫੨੦
੧੧. **ਯਮੁਨਾਨਗਰ** – ਸ੍ਰ: ਪ੍ਰਮਜੀਤ ਸਿੰਘ, ਮਦਰਾਸ ਹੈਂਡਲੂਮ, ਤੱਤਖਾਲਸਾ ਭਵਨ, ਜਗਾਧਰੀ ਰੋਡ ਪਿੰਨ ਕੋਡ–੧੩੫੦੦੧ ਫ਼ੋਨ: ੨੬੨੧੭
੧੨. **ਸੰਗਰੂਰ** – ਭਾਈ ਤ੍ਰਿਲੋਚਨ ਸਿੰਘ ਜੀ, ਪਿੰਡ ਉਪੋਕੀ, ਡਾਕਖਾਨਾ ਮਲੇਰਕੋਟਲਾ।
੧੩. **ਫਗਵਾੜਾ** – ਮਾਸਟਰ ਗੁਰਦਿਆਲ ਸਿੰਘ ਜੀ, ੫੫੩ ਮੁਹੱਲਾ ਡੱਬਿਆਂ, ਚੱਡਾ ਖੂਹ, ਨੇੜੇ ਗੁ: ਪਾ: ੬

**ਸੂਚਨਾ** – ਹਰ ਐਤਵਾਰ 'ਸੂਰਾ' ਦੇ ਚੰਦੇ ਸਿੱਖ ਮਿਸ਼ਨਰੀ ਕਾਲਜ ਦੇ ਸਟਾਲ, ਗੁ: ਮੰਜੀ ਸਾਹਿਬ ਆਲਮਗੀਰ, ਲੁਧਿਆਣਾ ਵਿਖੇ।

### ਵਿਦੇਸ਼ਾਂ ਵਿਚ ਚੰਦੇ ਤੇ ਹੋਰ ਰਕਮਾਂ ਜਮ੍ਹਾਂ ਕਰਾਉਣ ਲਈ ਸੰਪਰਕ ਕਰੋ

੧. **ਇੰਗਲੈਂਡ** – ਭਾਈ ਗੁਰਨਾਮ ਸਿੰਘ ਜੀ ੧੦– Lambourne Gardens, Earley Reading, Berks U.K. Tel. ੦੧੭੩੪–੨੬੭੯੦੦
੨. **ਅਮਰੀਕਾ** – ਭਾਈ ਜੀਵਨ ਸਿੰਘ ਜੀ, ਗੁਰਦੀਪ ਸਿੰਘ ਜੀ, ਫ਼ੋਨ : ੧੮੦੦੭੨੨੬੨੧੨
੩. **ਕੈਨੇਡਾ** – ਭਾਈ ਰਿਪੁਦਮਨ ਸਿੰਘ ਜੀ ਮਲਿਕ, ਫ਼ੋਨ : ੧੮੦੦੬੬੩੦੨੨੪
੪. **ਆਸਟਰੇਲੀਆ** – ਭਾਈ ਪਰਸ਼ੋਤਮ ਸਿੰਘ ਜੀ, ਫ਼ੋਨ : ੦੬੧੮੬੩੪੮੪੧
੫. **ਨੀਊਜ਼ੀਲੈਂਡ** – ਭਾਈ ਮਹਿੰਦਰ ਸਿੰਘ ਜੀ, ਫ਼ੋਨ : ੦੯੨੭੦੨੭੫੫

### ਅਮਾਨਤੀ ਵਾਧਾ ਜਮ੍ਹਾਂ ਕਰਵਾਉਣ ਲਈ ਬੇਨਤੀ

ਸਮੂਹ ਸੰਗਤਾਂ ਪ੍ਰਤੀ ਬੇਨਤੀ ਹੈ ਕਿ 'ਸੂਰਾ' ਦੀ ਅਮਾਨਤੀ ਲਾਈਫ਼ ਮੈਂਬਰਸ਼ਿਪ ੩੦੦ ਰੁ: ਪੂਰੀ ਕਰਨ ਲਈ ਜਿਨ੍ਹਾਂ ਪਾਠਕਾਂ ਦੇ ੫੦/– ੧੦੦, ੧੫੦/– ਇਤਿਆਦਿ ਬਕਾਇਆ ਰਹਿੰਦੇ ਹਨ ਉਹ ਕ੍ਰਿਪਾ ਕਰਕੇ ਜਲਦੀ ਤੇ ਜਲਦੀ 'ਸੂਰਾ' ਦਫ਼ਤਰ ਭੇਜ ਦੇਣ ਤਾਂ ਜੋ ਇਹ ਪਰਚਾ ਉਨ੍ਹਾਂ ਤੱਕ ਨਿਰਵਿਘਨ ਪਹੁੰਚਦਾ ਰਹੇ ਇਸੇ ਤਰ੍ਹਾਂ ਹੀ ਵਿਦੇਸ਼ੀ ਪਾਠਕ ਵੀ ਆਪਣਾ ਬਕਾਇਆ ਭੇਜਣ ਦੀ ਕ੍ਰਿਪਾ ਕਰਨ ਜੀ। ਮੌਜੂਦਾ ਚੰਦੇ ਪੰਨਾ ੧ ਤੇ ਲਿਖੇ ਹੋਏ ਹਨ।

–ਸੰਪਾਦਕ


ਡਿਜ਼ਾਈਨ ਕਰਾਫਟ ਗਿੱਲ ਰੋਡ ਲੁਧਿਆਣਾ ਤੋਂ ਛਪਵਾ ਕੇ ਹਰਬੰਸ ਸਿੰਘ ਪ੍ਰਿੰਟਰ ਪਬਲਿਸ਼ਰ ਤੇ ਸੰਪਾਦਕ ਨੇ ਅਖੰਡ ਕੀਰਤਨ ਜਥੇ ਵਲੋਂ ੧੨–ਆਈ, ਭਾਈ ਰਣਧੀਰ ਸਿੰਘ ਨਗਰ, ਲੁਧਿਆਣਾ ਤੋਂ ਪ੍ਰਕਾਸ਼ਤ ਕੀਤਾ
ਕੰਪਿਊਟਰ ਟਾਈਪ ਸੈਟਿੰਗ ਮਾਈਕਰੋਨਿਕਸ ਕੰਪਿਊਟਰਜ਼ ਇੰਡੀਆ, ਡੀ–੯੩, ਬਲਾਕ ੧੬, ਪਾਹਵਾ ਰੋਡ, ਲੁਧਿਆਣਾ।


www.AKJ.Org

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ।

ਜਿਲਦ ੩੦
ਸਤੰਬਰ ੧੯੯੯
ਅੰਕ ੯

# ਸੂਰਾ
SURA MONTHLY

ਅਖੰਡ ਕੀਰਤਨੀ ਜੱਥੇ ਵਲੋਂ
ਨਿਰੋਲ ਗੁਰਮਤਿ ਮਾਸਿਕ ਪੱਤਰ

ਸਾਲਾਨਾ ਚੰਦਾ — ਦੇਸ਼ : ੩੦.੦੦, ਵਿਦੇਸ਼ :ਸਮੁੰਦਰੀ ਡਾਕ......੧੦੦.੦੦, ਹਵਾਈ ਡਾਕ........੭੦੦.੦੦
ਅਮਾਨਤੀ ਲਾਈਫ ਮੈਂਬਰਸ਼ਿਪ — ਦੇਸ਼ :੩੦੦.੦੦, ਵਿਦੇਸ਼ :ਸਮੁੰਦਰੀ ਡਾਕ...੧,੦੦੦.੦੦, ਹਵਾਈ ਡਾਕ.....੩,੦੦੦.੦੦
ਚੰਦਾ ਭੇਜਣ ਦਾ ਪਤਾ — 'ਸੂਰਾ' ਮਾਸਿਕ ਪੱਤਰ, ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਮਾਡਲ ਟਾਊਨ, ਲੁਧਿਆਣਾ – ੧੪੧੦੦੨ (ਇੱਕ ਕਾਪੀ .... ੩.੦੦)

*ਕਿਰਿਆਚਾਰ ਕਰਹਿ ਖਟੁ ਕਰਮਾ, ਇਤੁ ਰਾਤੇ ਸੰਸਾਰੀ।।*
*ਅੰਤਰਿ ਮੈਲੁ ਨ ਉਤਰੈ ਹਉਮੈ, ਬਿਨੁ ਗੁਰ ਬਾਜੀਹਾਰੀ।।੧।।*
*ਮੇਰੇ ਠਾਕੁਰ ਰਖਿ ਲੇਵਹੁ ਕਿਰਪਾ ਧਾਰੀ।।*
*ਕੋਟਿ ਮਧੇ ਕੋ ਵਿਰਲਾ ਸੇਵਕੁ, ਹੋਰਿ ਸਗਲੇ ਬਿਉਹਾਰੀ।।੧।।ਰਹਾਉ।।*
(ਗੂਜਰੀ ਮਹਲਾ ੫, ਪੰਨਾ ੪੯੫)

## ਤੇਰਾ ਜਨੁ ਏਕੁ ਆਧੁ ਕੋਈ

ਉਸਤਤਿ ਨਿੰਦਾ ਦੋਊ ਬਿਬਰਜਿਤ, ਤਜਹੁ ਮਾਨੁ ਅਭਿਮਾਨਾ।।
ਲੋਹਾ ਕੰਚਨੁ ਸਮ ਕਰਿ ਜਾਨਹਿ, ਤੇ ਮੂਰਤਿ ਭਗਵਾਨਾ।।੧।।
ਤੇਰਾ ਜਨੁ ਏਕੁ ਆਧੁ ਕੋਈ।। ਕਾਮੁ ਕ੍ਰੋਧੁ ਲੋਭੁ ਮੋਹੁ ਬਿਬਰਜਿਤ,
ਹਰਿ ਪਦੁ ਚੀਨੈ ਸੋਈ।।੧।। ਰਹਾਉ।।
ਰਜ ਗੁਣ, ਤਮ ਗੁਣ, ਸਤ ਗੁਣ ਕਹੀਐ, ਇਹ ਤੇਰੀ ਸਭ ਮਾਇਆ।।
ਚਉਥੇ ਪਦ ਕਉ ਜੋ ਨਰੁ ਚੀਨੈ, ਤਿਨ ਹੀ ਪਰਮ ਪਦੁ ਪਾਇਆ।।੨।।
ਤੀਰਥ ਬਰਤ ਨੇਮ ਸੁਚਿ ਸੰਜਮ, ਸਦਾ ਰਹੈ ਨਿਹਕਾਮਾ।।
ਤ੍ਰਿਸਨਾ ਅਰੁ ਮਾਇਆ ਭ੍ਰਮੁ ਚੂਕਾ, ਚਿਤਵਤ ਆਤਮ ਰਾਮਾ।।੩।।
ਜਿਹ ਮੰਦਰਿ ਦੀਪਕੁ ਪਰਗਾਸਿਆ, ਅੰਧਕਾਰੁ ਤਹ ਨਾਸਾ।।
ਨਿਰਭਉ ਪੂਰਿ ਰਹੇ ਭ੍ਰਮੁ ਭਾਗਾ, ਕਹਿ ਕਬੀਰ ਜਨ ਦਾਸਾ।।੪।।੧।।

(ਰਾਗ ਕੇਦਾਰਾ, ਕਬੀਰ ਜੀ, ਪੰਨਾ ੧੧੨੩)

ਪਦ ਅਰਥ :- ਉਸਤਤਿ-ਵਡਿਆਈ, ਖੁਸ਼ਾਮਦ। ਬਿਬਰਜਿਤ-ਵਰਜੇ ਹੋਏ, ਮਨ੍ਹਾਂ, ਮਾੜੇ। ਤਜਹੁ-ਛੱਡ ਦਿਉ। ਮਾਨੁ-ਆਦਰ। ਅਭਿਮਾਨਾ-ਅਹੰਕਾਰ। ਕੰਚਨੁ-ਸੋਨਾ। ਸਮ-ਬਰਾਬਰ। ਤੇ-ਉਹ ਬੰਦੇ।੧।

ਏਕੁ ਆਧੁ-ਕੋਈ ਵਿਰਲਾ। ਹਰਿ ਪਦ-ਰੱਬੀ ਮਿਲਾਪ ਦੀ ਅਵਸਥਾ। ਚੀਨੈ-ਪਛਾਣਦਾ ਹੈ।੧। ਰਹਾਉ।

ਰਜ ਗੁਣ-ਮਾਇਆ ਦਾ ਗੁਣ ਜਿਹੜਾ ਮੋਹ ਹੰਕਾਰ ਆਦਿਕ ਦਾ ਮੂਲ ਹੈ। ਤਮ ਗੁਣ-ਮਾਇਆ ਦਾ ਉਹ ਗੁਣ ਜਿਸ ਕਾਰਨ ਆਤਮਕ ਜੀਵਨ ਦਾ ਸਾਹ ਘੁਟਿਆ ਜਾਏ। ਸਤ ਗੁਣ-ਮਾਇਆ ਦਾ ਉਹ ਗੁਣ ਜਿਸ ਕਾਰਨ ਦਇਆ, ਦਾਨ, ਖਿਮਾ, ਪ੍ਰਸੰਨਤਾ, ਸ਼ਾਂਤੀ ਆਦਿ ਦੀ ਰੁਚੀਂ ਪ੍ਰਾਪਤ ਹੁੰਦੀ ਹੈ। ਚਉਥਾ ਪਦ-ਉੱਚੀ ਆਤਮਕ ਅਵਸਥਾ।੨।

ਸੁਚਿ-ਸਰੀਰਕ ਸੁੱਚ, ਪਵਿੱਤ੍ਰਤਾ। ਸੰਜਮ-ਇੰਦ੍ਰਿਆਂ ਨੂੰ ਕਾਬੂ ਕਰਨ ਦੇ ਜਤਨ। ਨਿਹਕਾਮਾ-ਕਾਮਨਾ (ਇੱਛਾ) ਰਹਿਤ। ਭ੍ਰਮੁ-ਭਟਕਣਾ। ਚਿਤਵਤ-ਚੇਤੇ ਰੱਖਦਿਆਂ, ਸਿਮਰਦਿਆਂ।੩।

ਦੀਪਕੁ-ਦੀਵਾ। ਪਰਗਾਸਿਆ-ਜਗ ਪਿਆ। ਅੰਧਕਾਰੁ-ਹਨੇਰਾ। ਤਹ ਨਾਸਾ-ਉੱਥੇ ਨੱਠ ਗਿਆ, ਦੂਰ ਹੋ ਗਿਆ। ਪੂਰਿ ਰਹੇ-ਪਰਗਟ ਹੋਏ।੪।



www.AKJ.Org

## ਅਰਥ ਵਿਆਖਿਆ

ਅਰਥ :- ਹੇ ਭਾਈ ! ਕਿਸੇ ਮਨੁੱਖ ਦੀ ਖੁਸ਼ਾਮਦ ਕਰਨੀ ਜਾਂ ਉਸ ਦੇ ਨੁਕਸ ਕੱਢਣੇ, ਦੋਵੇਂ ਹੀ ਮਾੜੇ ਕੰਮ ਹਨ। ਇਹ ਵੀਚਾਰ ਵੀ ਛੱਡ ਦਿਉ ਕਿ ਕੋਈ ਬੰਦਾ ਤੁਹਾਡਾ ਆਦਰ ਕਰਦਾ ਹੈ ਜਾਂ ਕੋਈ ਆਕੜ ਦਿਖਾਉਂਦਾ ਹੈ। ਜਿਹੜੇ ਮਨੁੱਖ ਲੋਹੇ ਅਤੇ ਸੋਨੇ-ਭਾਵ ਆਦਰ (ਸੋਨੇ) ਅਤੇ ਨਿਰਾਦਰ (ਲੋਹੇ) ਨੂੰ ਇੱਕੋ ਜਿਹਾ ਸਮਝਦੇ ਹਨ ਉਹ ਭਗਵਾਨ ਦਾ ਰੂਪ ਹਨ।

ਹੇ ਪ੍ਰਭੂ ! ਕੋਈ ਵਿਰਲਾ ਮਨੁੱਖ ਹੀ ਤੇਰਾ ਬਣ ਕੇ ਰਹਿੰਦਾ ਹੈ। ਜੋ ਤੇਰਾ ਬਣਦਾ ਹੈ ਉਸ ਨੂੰ ਕਾਮ, ਕ੍ਰੋਧ, ਲੋਭ, ਮੋਹ ਆਦਿਕ ਵਿਕਾਰ ਮਾੜੇ ਲੱਗਦੇ ਹਨ। ਜਿਹੜਾ ਮਨੁੱਖ ਇਹਨਾਂ ਵਿਕਾਰਾਂ ਨੂੰ ਤਿਆਗਦਾ ਹੈ ਉਹੀ ਮਨੁੱਖ ਰੱਬੀ ਮਿਲਾਪ ਵਾਲੀ ਅਵਸਥਾ ਨੂੰ ਪਛਾਣਦਾ ਹੈ।੧।ਰਹਾਉ।

ਕਈ ਜੀਵ ਰਜੋ ਗੁਣ ਵਿੱਚ ਹਨ, ਕਈ ਤਮੋ ਗੁਣ ਵਿੱਚ ਅਤੇ ਕਈ ਸਤੋ ਗੁਣ ਵਿੱਚ ਹਨ। ਹੇ ਪ੍ਰਭੂ ! ਇਹ ਸਭ ਕੁੱਝ ਤੇਰੀ ਮਾਇਆ ਹੀ ਕਹੀ ਜਾ ਸਕਦੀ ਹੈ। ਜਿਹੜਾ ਮਨੁੱਖ ਇਨ੍ਹਾਂ ਤੋਂ ਉਤਾਂਹ ਪ੍ਰਭੂ ਮਿਲਾਪ ਦੀ ਚੌਥੀ ਅਵਸਥਾ ਵਿੱਚ ਜਾਣ-ਪਛਾਣ ਕਰਦਾ ਹੈ ਉਸੇ ਨੂੰ ਹੀ ਉੱਚੀ ਆਤਮਕ ਅਵਸਥਾ ਪ੍ਰਾਪਤ ਹੁੰਦੀ ਹੈ।੨।

ਜਿਹੜਾ ਮਨੁੱਖ ਸਰਬ ਵਿਆਪਕ ਪ੍ਰਭੂ (ਆਤਮ ਰਾਮਾ) ਨੂੰ ਸਿਮਰਦਾ ਹੈ ਉਸ ਦੇ ਅੰਦਰੋਂ ਮਾਇਆ ਦੀ ਤ੍ਰਿਸ਼ਨਾ ਅਤੇ ਭਟਕਣਾ ਦੂਰ ਹੋ ਜਾਂਦੀ ਹੈ ਜਿਸ ਕਾਰਨ ਉਹ ਸਦਾ ਤੀਰਥ, ਵਰਤ, ਸੁੱਚ, ਸੰਜਮ ਆਦਿਕ ਨੇਮਾਂ ਵਲੋਂ ਨਿਰਇੱਛਤ ਰਹਿੰਦਾ ਹੈ ਭਾਵ ਇਹਨਾਂ ਕਰਮਾਂ ਦੇ ਕਰਨ ਦੀ ਉਸ ਨੂੰ ਇੱਛਾ ਨਹੀਂ ਰਹਿੰਦੀ।੩।

ਪ੍ਰਭੂ ਦਾ ਜਨ, ਪ੍ਰਭੂ ਦਾ ਦਾਸ ਕਬੀਰ ਆਖਦਾ ਹੈ ਕਿ ਜਿਸ ਘਰ (ਮੰਦਰ) ਵਿੱਚ ਦੀਵਾ ਜਗ ਪਏ ਉਥੇ ਹਨ੍ਹੇਰਾ ਦੂਰ ਹੋ ਜਾਂਦਾ ਹੈ, ਇਉਂ ਹੀ ਜਿਸ ਮਨੁੱਖ ਦੇ ਹਿਰਦੇ ਵਿੱਚ ਨਿਰਭਉ ਪ੍ਰਭੂ ਪ੍ਰਗਟ ਹੋ ਜਾਏ ਉਸ ਦੀ ਭਟਕਣਾ ਦੂਰ ਹੋ ਜਾਂਦੀ ਹੈ।੪।੧।

ਵਿਆਖਿਆ :- ਹਾਂ ਜੀ !

'ਤੇਰਾ ਜਨੁ ਏਕੁ ਆਧੁ ਕੋਈ'।..........

'ਕੋਟਿ ਮਧੇ ਕੋ ਵਿਰਲਾ ਸੇਵਕੁ' (ਪੰਨਾ ੪੯੫)

ਕੋਈ ਵਿਰਲਾ ਹੀ ਪ੍ਰਭੂ ਦਾ ਸੱਚਾ ਭਗਤ ਹੈ, ਭੇਖੀ ਤਾਂ ਬਹੁਤ ਫਿਰਦੇ ਹਨ ਜਿਹੜੇ ਡੀਂਗਾ ਮਾਰਦੇ ਹਨ ਕਿ ਅਸੀਂ ਪ੍ਰਭੂ ਨੂੰ ਪਾ ਲਿਆ ਹੈ, ਆਪਣੇ ਆਪ ਨੂੰ '੧੦੮ *ਸੰਤ ਮਹਾਂਪੁਰਖ'* ਸਦਵਾਉਂਦੇ ਹਨ। ਲੋਕਾਂ ਨੂੰ ਮਾਇਆ ਠੱਗਣੀ ਤੋਂ ਬਚਣ ਦਾ ਉਪਦੇਸ਼ ਦਿੰਦੇ ਹਨ ਪਰ ਆਪ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਦੇ ਪੱਕੇ ਦਾਸ ਹਨ।

*'ਸਤਿ'* ਦੇ ਮਾਰਗ ਤੇ ਚੱਲਣਾ ਕੋਈ ਸੌਖਾ ਕੰਮ ਨਹੀਂ, ਇਸ ਮਾਰਗ ਤੇ ਚੱਲਣ ਵਾਲਿਆਂ ਲਈ ਕਾਮ, ਕ੍ਰੋਧ, ਲੋਭ, ਮੋਹ ਆਦਿ ਬਿਬਰਜਿਤ ਹੈ। ਆਪਾ ਮਿਟਾ ਕੇ ਹੀ ਮਰਾਤਬਾ ਪ੍ਰਾਪਤ ਹੁੰਦਾ ਹੈ। *'ਨਾਨਕ ਘਰ'* ਦੇ ਗੋਲੇ (ਦਾਸ) ਬਣਨ ਲਈ ਤਨ, ਮਨ ਅਤੇ ਧਨ ਗੁਰੂ ਅੱਗੇ ਅਰਪ ਕਰਨਾ ਪੈਂਦਾ ਹੈ, ਸੀਸ ਭੇਟ ਕਰਨਾ ਪੈਂਦਾ ਹੈ। ਗੁਰਸਿੱਖੀ ਦਾ ਮਾਰਗ ਹੈ, "ਖੰਡੇਧਾਰ ਗਲੀ ਅਤਿ ਭੀੜੀ" (ਵਾਰ ੧੧/੫)। ਸ੍ਰੀ ਗੁਰੂ ਅਰਜਨ ਦੇਵ ਜੀ ਕਹਿੰਦੇ ਹਨ -

ਮਾਨ ਮੋਹ ਮੋਰ ਤੋਰ ਬਿਬਰਜਿਤ,

ਏਹੁ ਮਾਰਗੁ ਖੰਡੇਧਾਰ।। (ਪੰਨਾ ੫੩੪)

ਸੀਸ ਭੇਟ ਕਰਨ ਉਪਰੰਤ *'ਗੁਰੂ ਘਰ'* ਤੋਂ ਸਾਨੂੰ *'ਗੁਰ-ਦੀਖਿਆ'* ਮਿਲਦੀ ਹੈ। ਅੰਮ੍ਰਿਤ-ਨਾਮ ਪ੍ਰਾਪਤ ਹੁੰਦਾ ਹੈ ਜਿਸ ਨਾਮ ਰੂਪੀ ਬੇੜੀ ਤੇ ਚੜ੍ਹ ਕੇ ਅਸੀਂ ਸੰਸਾਰ ਸਮੁੰਦਰ ਤੋਂ ਪਾਰ ਹੋ ਕੇ *'ਪ੍ਰੀਤਮ ਦੇ ਦੇਸ'* ਪਹੁੰਚਣਾ ਹੈ। ਮਨ ਨੂੰ ਕਾਬੂ ਕਰ ਕੇ, ਵਿਸ਼ੇ ਵਿਕਾਰਾਂ ਦੇ ਨਗੁਣੇ ਰਸਾਂ ਕਸਾਂ ਤੋਂ ਉੱਪਰ ਉੱਠ ਕੇ ਅਸੀਂ *'ਸੇਵਾ ਸਿਮਰਨ'* ਦੀ *'ਸੱਚੀ ਕਾਰ'* ਵਿੱਚ ਜੁੱਟਣਾ ਹੈ, ਨਿਰ-ਇੱਛਤ ਰਹਿ ਕੇ ਗੁਰ-ਦਰਸਾਈ *'ਕਾਰ'* ਕਰਨੀ ਹੈ, ਗੁਰ-ਹੁਕਮਾਂ ਨੂੰ ਸਤਿ ਕਰ ਕੇ ਮੰਨਣਾ ਹੈ।

ਸਾਰੀ ਦੁਨੀਆਂ ਤਿੰਨਾਂ ਗੁਣਾਂ (ਰਜੋ, ਤਮੋ, ਸਤੋ) ਵਿੱਚ ਹੀ ਵਿਚਰ ਰਹੀ ਹੈ, ਕੋਈ ਵਿਰਲਾ ਹੀ ਚੌਥੇ ਪਦ (ਤੁਰੀਆ) ਵਿੱਚ ਪਹੁੰਚਦਾ ਹੈ।

ਤੀਨਿ ਬਿਆਪਹਿ ਜਗਤ ਕਉ

ਤੁਰੀਆ ਪਾਵੈ ਕੋਇ।। (ਪੰਨਾ ੨੯੭)

*'ਤੁਰੀਆ ਪਦ'* ਦੀ ਪ੍ਰਾਪਤੀ ਵਾਸਤੇ *'ਸੇਵਾ ਸਿਮਰਨ'* ਵਾਲਾ *'ਗੁਰਮਤਿ ਗਾਡੀ ਰਾਹ'* ਹੀ ਹੈ। ਜਿਸ ਗੁਰਸਿੱਖ ਦੇ ਸਿਰ ਤੇ ਸਤਿਗੁਰੂ ਆਪਣਾ ਹੱਥ ਰੱਖ ਦਿੰਦਾ ਹੈ ਉਸ ਦੇ ਕਪਾਟ ਖੁੱਲ੍ਹ ਜਾਂਦੇ ਹਨ, ਉਹ ਗੁਰਮੁਖ ਪਿਆਰਾ ਪ੍ਰਭੂ ਦੀ ਦਰਗਾਹ ਵਿੱਚ ਪਹੁੰਚ ਜਾਂਦਾ ਹੈ, ਉਸ ਦੀ ਆਤਮਾ ਪਰਮਾਤਮਾ ਨਾਲ ਮਿਲ ਕੇ ਇੱਕ ਮਿੱਕ ਹੋ ਜਾਂਦੀ ਹੈ, ਕੋਈ ਭਿੰਨ ਭੇਦ ਨਹੀਂ ਰਹਿੰਦਾ। ਪਰ ਅਜਿਹਾ ਮਨੁੱਖ ਕਰੋੜਾਂ ਵਿੱਚ ਕੋਈ ਇੱਕ ਅੱਧ ਹੀ ਹੁੰਦਾ ਹੈ ਜੋ ਸਹੀ ਅਰਥਾਂ ਵਿੱਚ ਸੱਚਾ ਸੇਵਕ (ਦਾਸ) ਗਰਦਾਨਿਆ ਜਾਂਦਾ ਹੈ।



www.AKJ.Org

ਜਿਸੁ ਮਸਤਕਿ ਗੁਰਿ ਧਰਿਆ ਹਾਥੁ।।
ਕੋਟਿ ਮਧੇ ਕੋ ਵਿਰਲਾ ਦਾਸੁ।। (ਪੰਨਾ ੧੩੪੦)

ਅਜਿਹਾ ਗੁਰੂ ਦਾ ਲਾਲ ਹੀ *'ਹਰਿ ਜਨ'*, *'ਤੇਰਾ ਜਨ'* ਕਹਾਉਂਦਾ ਹੈ। ਅਜੇਹਾ *'ਦਾਸ'* ਹੀ ਲੋਹਾ ਸੋਨਾ ਅਰਥਾਤ ਮਾਨ ਅਪਮਾਨ ਨੂੰ ਇੱਕ ਸਮਾਨ ਸਮਝਦਾ ਹੈ। ਅਜੇਹੇ ਗੁਰਮੁਖ ਅੱਗੇ ਹੀ ਮਾਇਆ ਦੇ ਪੰਜੇ ਕਾਰਿੰਦੇ, ਕਾਮ, ਕ੍ਰੋਧ, ਲੋਭ ਆਦਿ ਪਾਣੀ ਭਰਦੇ ਫਿਰਦੇ ਹਨ। ਅਜੇਹਾ ਸੇਵਕ ਹੀ ਨਿਰਭਉ ਸੂਰਮਾ (ਸੂਰਾ) ਹੈ ਅਤੇ 'ਵਾਹਿਗੁਰੂ ਜੀ ਕਾ ਖਾਲਸਾ' ਹੈ। ਗੁਰੂ ਤੇਗ ਬਹਾਦਰ ਸਾਹਿਬ ਫੁਰਮਾਉਂਦੇ ਹਨ -

ਜੋ ਨਰੁ ਦੁਖ ਮੈ ਦੁਖੁ ਨਹੀ ਮਾਨੈ।।
ਸੁਖ ਸਨੇਹੁ ਅਰੁ ਭੈ ਨਹੀ ਜਾ ਕੈ,
ਕੰਚਨ ਮਾਟੀ ਮਾਨੈ।।੧।। ਰਹਾਉ।।
ਨਹ ਨਿੰਦਿਆ ਨਹ ਉਸਤਤਿ ਜਾ ਕੈ,
ਲੋਭੁ ਮੋਹੁ ਅਭਿਮਾਨਾ।।
ਹਰਖ ਸੋਗ ਤੇ ਰਹੈ ਨਿਆਰਉ
ਨਾਹਿ ਮਾਨੁ ਅਪਮਾਨਾ।।੧।।
ਆਸਾ ਮਨਸਾ ਸਗਲ ਤਿਆਗੈ,
ਜਗ ਤੇ ਰਹੈ ਨਿਰਾਸਾ।।
ਕਾਮੁ ਕ੍ਰੋਧੁ ਜਿਹ ਪਰਸੈ ਨਾਹਨਿ,
ਤਿਹ ਘਟਿ ਬ੍ਰਹਮੁ ਨਿਵਾਸਾ।।੨।।
ਗੁਰ ਕਿਰਪਾ ਜਿਹ ਨਰ ਕਉ ਕੀਨੀ,
ਤਿਹ ਇਹ ਜੁਗਤਿ ਪਛਾਨੀ।।
ਨਾਨਕ ਲੀਨ ਭਇਓ ਗੋਬਿੰਦ ਸਿਉ
ਜਿਉ ਪਾਨੀ ਸੰਗਿ ਪਾਨੀ।।੩।।੧੧।।
(ਪੰਨਾ ੬੩੩)

ਹਾਂ ਜੀ ! "ਤਿਹ ਘਟਿ ਬ੍ਰਹਮੁ ਨਿਵਾਸਾ"............ ਨਾਨਕ ਲੀਨ ਭਇਓ ਗੋਬਿੰਦ ਸਿਉ ਜਿਉ ਪਾਨੀ ਸੰਗਿ ਪਾਨੀ।। ਹਾਂ ਹਾਂ ! "ਨਾਨਕ ਹਰਿਜਨ ਹਰਿ ਇਕੋ ਹੋਏ ਹਰਿ ਜਪਿ ਹਰਿ ਸੇਤੀ ਰਲਿਆ।".......... (ਪੰਨਾ ੫੬੨) "ਤੇ ਮੂਰਤਿ ਭਗਵਾਨਾ", "ਨਾਮ ਰੰਗਣ ਵਿੱਚ ਰੰਗੇ ਸੂਰੇ" ਪ੍ਰਭੂ ਦਾ ਰੂਪ ਹੋ ਗਏ।

ਇਸ ਮਰਾਤਬੇ ਤੇ ਪਹੁੰਚਣ ਲਈ ਸਤਿਗੁਰੂ ਸੱਚੇ ਪਾਤਸ਼ਾਹ ਨੇ ਕਿਰਪਾ ਕੀਤੀ, ਪ੍ਰਭੂ ਪ੍ਰੀਤਮ (ਪਰਮਾਤਮਾ) ਨੂੰ ਮਿਲਣ ਦੀ ਜੁਗਤੀ ਦੱਸ ਦਿੱਤੀ, ਗੁਰੂ ਦੇ ਹੁਕਮਾਂ ਅੰਦਰ *'ਕਾਰ'* ਕਰਦਿਆਂ ਬੇੜਾ ਪਾਰ ਹੋ ਗਿਆ, ਪ੍ਰਭੂ ਦੇ ਦਰ ਕਬੂਲੇ ਗਏ, ਪ੍ਰਭੂ ਦੇ *'ਪਿਆਰੇ'* ਬਣ ਗਏ। *'ਤੇਰਾ ਤੇਰਾ'* ਹੋ ਨਿੱਬੜਿਆ।

ਦਰ ਕਬੂਲ ਪਿਆ ਸੇਵਕ ਤੀਰਥਾਂ ਦੇ ਇਸ਼ਨਾਨ, ਬਰਤ ਰੱਖਣੇ, ਸੁੱਚ ਸੰਜਮ ਨੇਮਾਂ ਵਲੋਂ ਨਿਸ਼ਕਾਮ ਰਹਿੰਦਾ ਹੈ। ਉਹ *'ਹਰਿ ਨਾਮ'* ਨੂੰ ਹੀ ਸੱਚਾ ਤੀਰਥ ਸਮਝਦਾ ਹੈ। ਉਹ ਬਾਹਰ ਦੀ ਭਟਕਣਾ ਛੱਡ ਕੇ ਅੰਤਰਮੁੱਖ ਹੋ ਕੇ ਨਾਮ-ਅੰਮ੍ਰਿਤ ਦੇ ਸਰੋਵਰ ਵਿੱਚ ਇਸ਼ਨਾਨ ਕਰਦਾ ਹੈ। ਅਜੇਹੇ ਗੁਰੂ ਪਿਆਰੇ ਦੇ ਕੋਈ ਕਿਲਵਿਖ, ਇੱਲ ਬਲਾ ਨੇੜੇ ਨਹੀਂ ਢੁੱਕਦੀ, ਮਾਇਆ ਦੀ ਮੈਲ ਉਸ ਨੂੰ ਛੂੰਹਦੀ ਨਹੀਂ, ਗੁਰਮਤਿ ਨਾਮ ਦੇ ਇਕੋ ਫੁਰਾਟੇ ਨਾਲ ਝੜ ਜਾਂਦੀ ਹੈ।

ਗੁਰਿ ਅੰਮ੍ਰਿਤਸਰਿ ਨਵਲਾਇਆ
ਸਭਿ ਲਾਥੇ ਕਿਲਵਿਖ ਪੰਡੂ।। (ਪੰਨਾ ੭੩੨)

ਅੱਠੇ ਪਹਿਰ ਸਿਮਰਨ ਕਰਨ ਵਾਲੇ ਸੇਵਕ ਦੇ ਅੰਦਰੋਂ ਮਾਇਆ ਦੀ ਤ੍ਰਿਸ਼ਨਾ (ਖਿੱਚ) ਖਤਮ ਹੋ ਜਾਂਦੀ ਹੈ, ਮਾਇਆ ਦੇ ਭਰਮ ਭੁਲੇਖੇ ਦੂਰ ਹੋ ਜਾਂਦੇ ਹਨ। ਪ੍ਰਭੂ ਦਾ ਦਰ (ਦਸਮ-ਦੁਆਰ) ਖੁੱਲਣ ਨਾਲ ਸਰੀਰ ਰੂਪੀ ਮੰਦਰ ਵਿੱਚ ਪ੍ਰਕਾਸ਼ ਹੋ ਜਾਂਦਾ ਹੈ, ਹਨ੍ਹੇਰਾ ਮਿਟ ਜਾਂਦਾ ਹੈ, ਮਨ ਟਿਕਾਅ ਵਿੱਚ ਆ ਜਾਂਦਾ ਹੈ ਅਤੇ ਸਹਿਜ ਅਵਸਥਾ ਬਣ ਜਾਂਦੀ ਹੈ।

ਸਹਜੁ ਭਇਆ ਭ੍ਰਮੁ ਖਿਨ ਮਹਿ ਨਾਠਾ,
ਮਿਲਿ ਜੋਤੀ ਜੋਤਿ ਸਮਾਈ।। (ਪੰਨਾ੨੦੫)

## ਸਿੱਖੀ ਸਪਿਰਿਟ ਦੇ ਦੁਸ਼ਮਣ

ਜਿਸ ਸਿੱਖੀ ਸਪਿਰਿਟ ਨੂੰ ਦੁਸ਼ਮਣ ਦੇ ਆਰੇ ਨਹੀਂ ਚੀਰ ਸਕੇ, ਜਿਸ ਸਪਿਰਿਟ ਨੂੰ ਉਬਲਦੀਆਂ ਦੇਗਾਂ ਨਹੀਂ ਉਬਾਲ ਸਕੀਆਂ, ਜਿਸ ਸਪਿਰਿਟ ਨੂੰ ਦੁਸ਼ਮਣ ਦੇ ਟੋਕੇ ਨਹੀਂ ਟੁੱਕ ਸਕੇ, ਜਿਸ ਸਪਿਰਿਟ ਨੂੰ ਜ਼ਾਲਮ ਤੋਂ ਜ਼ਾਲਮ ਦੁਸ਼ਮਣ ਵੀ ਨਹੀਂ ਬੁਝਾ ਸਕਿਆ, ਉਸ ਸਪਿਰਿਟ ਨੂੰ ਉਸ ਦੇ ਆਪਣੇ ਪਹਿਰੇਦਾਰ ਹੀ ਪਿਛਲੇ ਪੰਜਾਹ ਸਾਲਾਂ ਤੋਂ ਬੁਝਾਣ ਵਿੱਚ ਜੁਟੇ ਹੋਏ ਹਨ। ਕੌਮ ਦੇ ਸੁਆਰਥੀ ਆਗੂ, ਪ੍ਰਚਾਰਕ ਵਰਗ ਦਾ ਬਹੁਤ ਵੱਡਾ ਹਿੱਸਾ ਅਤੇ ਦੰਭੀ ਸਾਧ-ਸੰਤ ਇਸ ਸਪਿਰਿਟ ਨੂੰ ਬੁਝਾਣ ਵਿੱਚ ਲੱਗੇ ਹੋਏ ਹਨ। ਇਨ੍ਹਾਂ ਤੋਂ ਬਚਣ ਦੀ ਲੋੜ ਹੈ।

– ਸੁ: ਸਰੂਪ ਸਿੰਘ (ਯੂ.ਕੇ.)


www.AKJ.Org

# ਪਾਰ ਨਿਸਤਾਰਾ

(ਭਾਈ ਸਾਹਿਬ ਰਣਧੀਰ ਸਿੰਘ ਜੀ)

ਤ੍ਰੈਗੁਣ ਧਾਤੁ ਬਹੁ ਕਰਮ ਕਮਾਵਹਿ
ਹਰਿ ਰਸ ਸਾਦੁ ਨ ਆਇਆ।।
ਸੰਧਿਆ ਤਰਪਣੁ ਕਰਹਿ ਗਾਇਤ੍ਰੀ
ਬਿਨੁ ਬੂਝੇ ਦੁਖੁ ਪਾਇਆ।।੨।।
ਸਤਿਗੁਰੁ ਸੇਵੇ ਸੋ ਵਡਭਾਗੀ
ਜਿਸ ਨੋ ਆਪਿ ਮਿਲਾਏ।।
ਹਰਿ ਰਸੁ ਪੀ ਜਨ ਸਦਾ ਤ੍ਰਿਪਤਾਸੇ
ਵਿਚਹੁ ਆਪੁ ਗਵਾਏ।।੩।।
ਇਹੁ ਜਗੁ ਅੰਧਾ ਸਭੁ ਅੰਧੁ ਕਮਾਵੈ
ਬਿਨੁ ਗੁਰ ਮਗੁ ਨ ਪਾਏ।।
ਨਾਨਕ ਸਤਿਗੁਰੁ ਮਿਲੈ ਤ ਅਖੀ ਵੇਖੈ
ਘਰੈ ਅੰਦਰਿ ਸਚੁ ਪਾਏ।।੪।।੧੦।।

(ਸੋਰਠਿ ਮ: ੩, ਪੰਨਾ ੬੦੩)

ਸੰਸਾਰੀ ਆਨਮਤੀ ਲੋਕ ਤਿਹਾਂ ਗੁਣਾਂ ਵਾਲੇ ਮਾਇਆਵਤੀ ਕਰਮ ਹੀ ਬਹੁਤ ਕਮਾਉਂਦੇ ਫਿਰਦੇ ਹਨ, ਤਿਨ੍ਹਾਂ ਨੂੰ ਹਰਿ ਰਸ ਕਦੇ ਆ ਹੀ ਨਹੀਂ ਸਕਦਾ। ਉਹ ਸੰਧਿਆ ਤਰਪਣ, ਗਾਇਤ੍ਰੀ ਬਥੇਰੇ ਆਨਮਤੀ ਕਰਮ ਕਰਨ ਵਿੱਚ ਹੀ ਖਚਤ ਰਹਿੰਦੇ ਹਨ। ਗੁਰਮਤਿ ਤੱਤ ਕਰਮ ਬੁੱਝੇ ਬਿਨਾਂ ਉਨ੍ਹਾਂ ਨੂੰ ਦੁੱਖ ਹੀ ਦੁੱਖ ਵਿਆਪਦਾ ਹੈ। ਵਡਭਾਗੀ ਉਹ ਹਨ, ਜਿਨ੍ਹਾਂ ਨੂੰ ਆਪ ਵਾਹਿਗੁਰੂ ਨੇ ਕਿਰਪਾ ਕਰਕੇ ਸੱਚਾ ਸਤਿਗੁਰੂ ਮਿਲਾਇਆ ਹੈ ਅਤੇ ਉਹ ਸਤਿਗੁਰੂ ਦੇ ਹੀ ਸੇਵਕ ਸਿਮਰਨਹਾਰੇ ਗੁਰਸਿੱਖ ਸੇਵਕ ਬਣੇ ਹਨ। ਗੁਰਮਤਿ ਨਾਮ ਵਾਹਿਗੁਰੂ ਦਾ ਸੱਚਾ ਰਸ ਪੀ ਕੇ ਐਸੇ ਗੁਰਮੁਖ ਜਨ ਸਦਾ ਹੀ ਤ੍ਰਿਪਤਾਸੇ (ਰੱਜੇ ਹੋਏ) ਰਹਿੰਦੇ ਹਨ ਤੇ ਆਪਣਾ ਆਪ ਅਰਥਾਤ ਆਪਾ ਭਾਵ ਹਉਮੈ ਰੋਗ ਨੂੰ ਵਿਚਹੁ ਗਵਾ ਦਿੰਦੇ ਹਨ। ਇਹ ਸਾਰਾ ਜਗ ਹੀ ਗੁਰਮਤਿ ਤੋਂ ਘੁੱਥਾ ਹੋਇਆ ਅੰਨ੍ਹਾ ਹੈ, ਜਿਸ ਕਰਕੇ ਅੰਨ੍ਹੇ ਕਰਮ ਹੀ ਕਮਾਉਂਦਾ ਹੈ। ਸਤਿਗੁਰੂ ਬਾਝੋਂ ਸੱਚਾ ਮਾਰਗ ਉਸ ਨੂੰ ਦਿੱਸਦਾ ਹੀ ਨਹੀਂ, ਇਹ ਪ੍ਰਮਾਰਥੀ ਸੱਚਾ ਮਾਰਗ ਕੇਵਲ ਗੁਰਮਤਿ ਧਾਰਨ ਕੀਤਿਆਂ ਹੀ ਪ੍ਰਾਪਤ ਹੁੰਦਾ ਹੈ। ਗੁਰੂ ਨਾਨਕ ਸਾਹਿਬ ਫੁਰਮਾਉਂਦੇ ਹਨ ਕਿ ਸਤਿਗੁਰੂ ਦਾ ਮਿਲਾਪ ਹੋਇਆ ਗੁਰਮੁਖ ਜਗਿਆਸੂ ਜਨ ਆਪਣੀ ਅੱਖੀਂ ਹੀ ਆਪਣੇ ਘਟ ਅੰਦਰ ਵਾਹਿਗੁਰੂ ਰੂਪੀ ਸੱਚ ਦਾ ਦਰਸ਼ਨ ਕਰ ਲੈਂਦੇ ਹਨ।

ਬਿਨੁ ਸਤਿਗੁਰ ਸੇਵੇ ਬਹੁਤਾ ਦੁਖੁ ਲਾਗਾ
ਜੁਗ ਚਾਰੇ ਭਰਮਾਈ।।.....੧।।੧੧।।

(ਸੋਰਠਿ ਮ: ੩, ਪੰਨਾ ੬੦੩)

ਚਹੁੰਆਂ ਜੁਗਾਂ ਅੰਦਰ ਪ੍ਰਾਣੀ ਭਉਂਦਾ ਹੀ ਰਹਿੰਦਾ ਹੈ। ਵਾਹਿਗੁਰੂ ਦਾ ਮੁਤਲਾਸ਼ੀ ਬਣ ਕੇ ਚਾਹੇ ਕੋਈ ਚਵਾਂ ਜੁਗਾਂ ਵਿੱਚ ਮੁੜਿ ਮੁੜਿ ਭਰਮ ਆਵੇ, ਸਤਿਗੁਰ ਦੇ ਸੇਵਕ ਸਿੱਖ ਬਣੇ ਬਿਨਾਂ ਉਸ ਦੀ ਗਤਿ ਕਦੇ ਭੀ ਨਹੀਂ ਹੁੰਦੀ ਅਤੇ ਜਨਮ ਮਰਣ ਦਾ ਕਸ਼ਟ ਭਰਿਆ ਦੁੱਖ ਸਹਿੰਦਾ ਹੀ ਰਹਿੰਦਾ ਹੈ। ਇਸ ਗੁਰਵਾਕ ਦੇ ਭਾਵ ਤੋਂ ਸਿੱਧ ਹੋਇਆ ਕਿ ਚਹੁੰਆਂ ਜੁਗਾਂ ਅੰਦਰ ਕੋਈ ਭੀ ਆਨਮਤੀ ਕਰਮ ਕੀਤਾ ਕਲਿਆਨਕਾਰੀ ਨਹੀਂ। ਸਾਰੇ ਜੁਗਾਂ ਵਿਚੋਂ ਭਰਮ ਕੇ ਜਦੋਂ ਵੀ ਕੋਈ ਜਗਿਆਸੂ ਜਨ ਗੁਰੂ ਘਰ ਵਿਖੇ ਸਤਿਗੁਰ ਦੀ ਸਰਣਾਈ ਆਉਂਦਾ ਹੈ, ਉਦੋਂ ਹੀ ਉਸ ਦੀ ਕਲਿਆਨ-ਗਤਿ ਹੁੰਦੀ ਹੈ ਅਤੇ "ਸਤਿਗੁਰ ਬਾਝਹੁ ਗੁਰੁ ਨਹੀ ਕੋਈ, ਨਿਗੁਰੇ ਕਾ ਹੈ ਨਾਉ ਬੁਰਾ।।" (ਆਸਾ ਮ: ੩, ਪਟੀ ੧੩।।੨।।, ਪੰਨਾ ੪੩੫) ਸਚੇ ਸਤਿਗੁਰੂ ਤੋਂ ਬਿਨਾਂ ਤੇ ਸਤਿਗੁਰ ਨਾਨਕ ਸਾਹਿਬ ਮਈ ਗੁਰੂ ਘਰ ਦੀ ਸ਼੍ਰੇਣੀ ਬਿਨਾਂ ਹੋਰ ਕੋਈ ਭੀ ਗੁਰੂ ਘਰ ਨਹੀਂ ਕਹਾ ਸਕਦਾ। ਗੁਰੂ ਨਾਨਕ, ਦਸਮੇਸ਼, ਸ੍ਰੀ ਗੁਰੂ ਗ੍ਰੰਥ ਸਾਹਿਬ ਬਾਝੋਂ ਸਭ ਕੱਚ-ਪਿਚੇ ਹੀ ਗੁਰੂ ਹਨ, ਨਿਰੇ ਭੇਖੀ ਤੇ ਡਿੰਭੀ ਹਨ। ਆਪੋਂ ਬਣ ਬੈਠੇ ਅਜਿਹੇ ਭੇਖੀਆਂ ਤੇ ਡਿੰਭੀ ਗੁਰੂਆਂ ਦੀ ਅਣਗਿਣਤ ਬਹੁਤਾਤ ਪਾਈ ਜਾਂਦੀ ਹੈ। ਇਹ ਡਿੰਭੀ ਭੇਖੀ ਗੁਰੂ ਖੁਦ ਆਪ ਭੀ ਸੱਚੇ ਗੁਰੂ ਗੁਰਮਤਿ ਮਾਰਗ ਤੋਂ ਘੁੱਥੇ ਹੋਏ ਹਨ। ਗੁਰਮਤਿ ਨਾਮ ਇਨ੍ਹਾਂ ਨੂੰ ਪ੍ਰਾਪਤ ਹੀ ਨਹੀਂ ਹੁੰਦਾ, ਤਾਂ ਤੇ ਇਹਨਾਂ ਭੇਖੀਆਂ ਦੀ ਸ਼ਿਖਸ਼ਾ ਤੇ ਚੱਲਣ ਵਾਲੇ ਪੈਰੋਕਾਰ, ਗੁਰਮਤਿ ਮਾਰਗ ਤੋਂ ਘੁੱਥੇ ਹੀ ਰਹਿੰਦੇ ਹਨ। ਇਸ ਉੱਪਰਲੇ ਭਾਵ ਦੀ ਪ੍ਰੋੜ੍ਹਤਾ ਭਲੀ ਭਾਂਤ ਅਗਲਾ ਗੁਰਵਾਕ ਖੂਬ ਕਰਦਾ ਹੈ, ਯਥਾ ਗੁਰਵਾਕ -

ਸਤਿਗੁਰ ਸੇਵੇ ਤਾ ਸਹਜ ਧੁਨਿ ਉਪਜੈ
ਗਤਿ ਮਤਿ ਤਦ ਹੀ ਪਾਏ।।
ਹਰਿ ਕਾ ਨਾਮੁ ਸਚਾ ਮਨਿ ਵਸਿਆ
ਨਾਮੇ ਨਾਮਿ ਸਮਾਏ।।੧।।
ਬਿਨੁ ਸਤਿਗੁਰ ਸਭੁ ਜਗੁ ਬਉਰਾਨਾ।।
ਮਨਮੁਖਿ ਅੰਧਾ ਸਬਦੁ ਨ ਜਾਣੈ
ਝੂਠੈ ਭਰਮਿ ਭੁਲਾਨਾ।। ਰਹਾਉ।।
ਤ੍ਰੈਗੁਣ ਮਾਇਆ ਭਰਮਿ ਭੁਲਾਇਆ
ਹਉਮੈ ਬੰਧਨ ਕਮਾਏ।।


www.AKJ.Org

ਜੰਮਣੁ ਮਰਣੁ ਸਿਰ ਊਪਰਿ ਊਭਉ
ਗਰਭ ਜੋਨਿ ਦੁਖੁ ਪਾਏ॥੨॥
ਤ੍ਰੈਗੁਣ ਵਰਤਹਿ ਸਗਲ ਸੰਸਾਰਾ
ਹਉਮੈ ਵਿਚਿ ਪਤਿ ਖੋਈ॥
ਗੁਰਮੁਖਿ ਹੋਵੈ ਚਉਥਾ ਪਦੁ ਚੀਨੈ
ਰਾਮ ਨਾਮਿ ਸੁਖੁ ਹੋਈ॥੩॥
ਤ੍ਰੈਗੁਣ ਸਭਿ ਤੇਰੇ ਤੂ ਆਪੇ ਕਰਤਾ
ਜੋ ਤੂ ਕਰਹਿ ਸੋ ਹੋਈ॥
ਨਾਨਕ ਰਾਮ ਨਾਮਿ ਨਿਸਤਾਰਾ
ਸਬਦੇ ਹਉਮੈ ਖੋਈ॥੪॥੧੨॥

(ਸੋਰਠਿ ਮ: ੩, ਪੰਨਾ ੬੦੪)

ਪ੍ਰਮਾਰਥ ਦਾ ਸੱਚਾ ਜਗਿਆਸੂ ਜਨ ਉਹ ਹੈ ਜਿਸ ਦੇ ਐਡੇ ਵੱਡੇ ਭਾਗ ਉਦੇ ਹੋ ਜਾਣ ਕਿ ਸੱਚੇ ਗੁਰੂ ਦਾ ਦਰ ਘਰ ਉਸ ਨੂੰ ਮਿਲ ਜਾਵੇ ਅਤੇ ਸਤਿਗੁਰੂ ਦਾ ਸੱਚਾ ਸੇਵਕ ਸਿੱਖ ਬਣ ਜਾਵੇ, ਗੁਰੂ ਦਵਾਰਿਓਂ ਸੱਚੀ ਗੁਰ-ਦੀਖਿਆ ਲੈ ਕੇ ਗੁਰ-ਸ਼ਬਦ ਨਾਮ-ਅਭਿਆਸ ਦੀ ਕਮਾਈ ਵਿੱਚ ਜੁਟ ਜਾਵੇ ਤਾਂ ਆਤਮਕ ਅਨੰਦ ਦੀ ਸੱਚੀ ਲਹਿਰ (ਧੁਨੀ) ਉਸ ਦੇ ਅੰਦਰ ਉਪਜ ਸਕਦੀ ਹੈ ਅਤੇ ਤਦ ਹੀ ਸੱਚੀ ਮੁਕਤਿ ਗਤਿ, ਕਲਿਆਨ ਮਈ ਗੁਰਮਤਿ ਮਤਿ ਉਸ ਨੂੰ ਪ੍ਰਾਪਤ ਹੋ ਸਕਦੀ ਹੈ। ਸੱਚੇ ਵਾਹਿਗੁਰੂ ਦਾ ਨਾਮ ਉਸ ਦੇ ਮਨ ਅੰਦਰ ਵਸਣ ਕਰਕੇ, ਨਾਮ ਜਪਣ ਨਾਲ ਨਾਮੀ ਵਾਹਿਗੁਰੂ ਦੇ ਪਰਮਾਤਮੀ ਸਰੂਪ ਵਿੱਚ ਸਮਾ ਜਾਂਦਾ ਹੈ।

ਸਤਿਗੁਰੂ ਬਾਝੋਂ ਸਾਰਾ ਜਗਤ ਹੀ ਪਾਗਲ (ਸ਼ੁਦਾਈ) ਹੋਇਆ ਫਿਰਦਾ ਹੈ ਅਤੇ ਬਉਲੇ ਕੁੱਤੇ ਵਾਂਗੂੰ ਬਉਰਾਨਿਆ ਫਿਰਦਾ ਹੈ। ਐਸਾ ਗੁਰਮਤਿ ਤੋਂ ਬੇਮੁੱਖ ਮਨਮੁਖ ਬੰਦਾ ਅੰਧਾ ਹੋਇਆ ਹੀ ਫਿਰਦਾ ਹੈ। ਉਸ ਨੂੰ ਸੱਚੇ ਗੁਰ-ਸ਼ਬਦ ਦੀ ਸੂਝ ਬੂਝ ਹੀ ਨਹੀਂ ਹੋ ਸਕਦੀ, ਐਵੇਂ ਝੂਠੇ ਖੋਜ ਮਾਰਗ ਵਿਖੇ ਹੀ ਭਰਮਿਆ ਭੁਲਾਇਆ ਫਿਰਦਾ ਹੈ। ਇਹ ਜਿਹੜੀ ਤ੍ਰੈਗੁਣੀ ਮਾਇਆ ਹੈ, ਇਸ ਨੇ ਸਾਰਾ ਜਗਤ ਹੀ ਭੁਲਾਇਆ ਹੋਇਆ ਹੈ ਅਤੇ ਮਾਇਆ ਦਾ ਭਰਮ-ਭੁਲਾਇਆ ਹੋਇਆ ਹਉਮੈ ਤੇ ਬੰਧਨ ਰੂਪੀ ਕਰਮ ਕਮਾਂਦਾ ਫਿਰਦਾ ਹੈ, ਜੰਮਣ ਮਰਨ ਉਸ ਦਾ ਪਿੱਛਾ ਨਹੀਂ ਛੱਡਦਾ, ਸਿਰ ਉੱਪਰ ਹੀ ਤੱਕਦਾ ਰਹਿੰਦਾ ਹੈ। ਫਿਰ ਫਿਰ ਗਰਭ ਜੋਨੀ ਵਿੱਚ ਪੈ ਪੈ ਦੁੱਖ ਸਹਿੰਦਾ ਹੈ।

ਸਾਰਾ ਸੰਸਾਰ ਹੀ ਇਨ੍ਹਾਂ ਤਿੰਨਾਂ ਗੁਣਾਂ ਵਿੱਚ ਹੀ ਵਰਤਦਾ ਹੈ, ਜੋ ਨਿਰਾ ਹਉਮੈ ਦਾ ਵਰਤਾਰਾ ਹੈ। ਇਸ ਹਉਮੈ ਦੇ ਵਰਤਾਰੇ ਵਿੱਚ ਪ੍ਰਵਿਰਤ ਹੋ ਕੇ ਹਰ ਕਿਸੇ ਨੇ ਆਪਣੀ ਪਤਿ ਖੋ ਲਈ ਹੈ। ਕੋਈ ਵਿਰਲਾ ਗੁਰਮੁਖ ਜਨ ਹੀ ਹੈ ਜਿਸ ਨੇ ਗੁਰਮੁਖਿ ਬਣ ਕੇ ਗੁਰੂ ਦਵਾਰਿਓਂ ਸਾਹਿਬ ਸਮ੍ਹਾਲ ਕੇ ਤੁਰੀਆ ਗੁਣੀ ਚਉਥਾ ਪਦ ਚੀਨ ਲਇਆ ਹੈ। ਬੱਸ ਕੇਵਲ ਗੁਰਮਤਿ ਰਮਤ ਰਾਮ, ਵਾਹਿਗੁਰੂ ਨਾਮ ਦਵਾਰਾ ਹੀ ਸੱਚਾ ਸੁੱਚਾ (ਆਤਮ ਪਰਮਾਤਮੀ) ਸੁੱਖ ਮਿਲਦਾ ਹੈ। ਇਹ ਤੁਰੀਆ ਗੁਣੀ ਪਦ ਪ੍ਰਾਪਤ ਕੀਤੇ ਬਿਨਾਂ ਤ੍ਰੈਗੁਣੀ ਭਰਮਾਂ ਵਿੱਚ ਹੀ ਸਾਰਾ ਸੰਸਾਰ ਭਰਮਦਾ ਫਿਰਦਾ ਹੈ। ਕੋਈ ਗੁਰੂ ਕਾ ਵਿਰਲਾ ਹੀ ਵਰਸੋਇਆ ਗੁਰਮੁਖਿ ਜਨ ਹੁੰਦਾ ਹੈ ਜਿਸ ਨੂੰ ਇਨ੍ਹਾਂ ਸੰਸਾਰਕ ਗੁਣਾਂ ਤੋਂ ਬਚ ਕੇ ਤੁਰੀਆ ਗੁਣ ਚਉਥੇ ਪਦ ਦੀ ਪ੍ਰਾਪਤੀ ਹੁੰਦੀ ਹੈ।

ਕਰਤੇ ਪੁਰਖ ਨੇ ਆਪ ਹੀ ਇਹ ਤਿੰਨੇ ਗੁਣ ਉਤਪੰਨ ਕੀਤੇ ਹਨ। ਤਿਨ੍ਹਾਂ ਅਭਾਗੇ ਪੁਰਸ਼ਾਂ ਨੂੰ ਇਨ੍ਹਾਂ ਤਿਹਾਂ ਗੁਣਾਂ ਵਿੱਚ ਭਰਮਣ ਦੀ, ਕਰਮ ਅਨੁਸਾਰ ਸਜ਼ਾ ਮਿਲਦੀ ਹੈ। ਉਹ ਵਾਹਿਗੁਰੂ ਦੀ ਰਜ਼ਾ ਅਨੁਸਾਰ ਹੀ ਤਿਹਾਂ ਗੁਣਾਂ ਵਿੱਚ ਹੀ ਭਰਮਦੇ ਫਿਰਦੇ ਹਨ। ਜਦੋਂ ਕਿਸੇ ਉੱਤਮ ਜਗਿਆਸੂ ਦਾ, ਉੱਚੇ ਸੁੱਚੇ ਗੁਰਮਤਿ ਕਰਮਾਂ ਦਾ ਪੂਰਬਲਾ ਅੰਕੁਰ ਉਦੇ ਹੁੰਦਾ ਹੈ, ਤਦੋਂ ਹੀ ਉਹ ਗੁਰੂ ਨਾਨਕ ਸਾਹਿਬ ਦੇ ਘਰ ਵਿੱਚ (ਗੁਰੂ ਘਰ ਵਿੱਚ) ਆ ਕੇ ਰਮਤਰਾਮ, ਵਾਹਿਗੁਰੂ ਗੁਰਮਤਿ ਨਾਮ ਦੀ ਗੁਰ-ਦੀਖਿਆ ਪ੍ਰਾਪਤ ਕਰ ਲੈਂਦਾ ਹੈ ਤੇ ਇਥੋਂ ਹੀ ਸੱਚੀ ਗੁਰ-ਦੀਖਿਆ ਗੁਰ-ਨਾਮ ਦੁਆਰਾ ਨਿਸਤਾਰਾ ਹੁੰਦਾ ਹੈ। ਕੇਵਲ ਗੁਰ-ਸ਼ਬਦ ਦਵਾਰਾ ਹੀ ਜਗਿਆਸੂ ਜਨ ਦੀ ਹਉਮੈ ਖੋਈ ਜਾ ਸਕਦੀ ਹੈ, ਐਵੇਂ ਨਹੀਂ।

*****

## ਮੌਤ ਨੀ ਚੇਤੇ

ਦੋਹਾਂ ਤੇਗਾਂ ਦੇ ਵਿੱਚ ਵੱਸੇਂ।
ਖਿੜ ਖਿੜਾ ਕੇ ਫਿਰ ਕਾਹਤੋਂ ਹੱਸੇਂ ?
ਮੌਤ ਨੀਂ ਚੇਤੇ ਤੈਨੂੰ 'ਤੇਗ'
ਚਤਰ ਬਣ ਬਣ ਕੀਹਨੂੰ ਦੱਸੇਂ ?

(ਤੇਗ ਬਹਾਦਰ ਸਿੰਘ 'ਤੇਗ')



www.AKJ.Org

# ਮੇਰੈ ਅੰਤਰਿ ਲੋਚਾ ਮਿਲਣ ਕੀ

(ਪੰਨਾ ੫੬੪)

(ਭਾਈ ਜਸਬੀਰ ਸਿੰਘ ਜੀ ਖਾਲਸਾ, ਖੰਨੇ ਵਾਲੇ)

ਕਈ ਵਾਰ ਬਹੁਤੇ ਲੰਮੇ ਸਮੇਂ ਦੀ ਦੂਰੀ ਜੀਵਨ ਵਿੱਚ ਨਿਰਾਸਤਾ ਪੈਦਾ ਕਰ ਦਿੰਦੀ ਹੈ। ਜਿਤਨੀ ਦੂਰੀ ਵੱਧਦੀ ਹੈ ਉਤਨੀ ਹੀ ਨਿਰਾਸਤਾ ਵੱਧਦੀ ਜਾਵੇਗੀ। ਨਿਰਾਸਤਾ ਭਰਿਆ ਜੀਵਨ ਸੱਚਮੁੱਚ ਮਨੁੱਖ ਲਈ, ਮਨੁੱਖਤਾ ਲਈ ਘਾਤਕ ਹੁੰਦਾ ਹੈ। ਜੇਕਰ ਬੀਮਾਰੀ ਸਰੀਰ ਦੇ ਨਾਲ ਹੈ ਤੇ ਕਾਫੀ ਸਮਾਂ ਬੀਤ ਗਿਆ ਹੈ, ਤੰਦਰੁਸਤੀ ਤੋਂ ਦੂਰੀ ਹੈ ਤਾਂ ਜਿਵੇਂ ਜਿਵੇਂ ਬੀਮਾਰੀ ਵੱਧਦੀ ਜਾਵੇਗੀ-ਬੀਮਾਰ ਬੰਦੇ ਦਾ ਜੀਵਨ ਅਰਥਹੀਣ ਹੋ ਜਾਵੇਗਾ। ਜਦੋਂ ਮਨੁੱਖ ਦੇ ਜੀਵਨ ਵਿੱਚ ਵੀਚਾਰਾਂ ਦੀ ਵੀਚਾਰਾਂ ਤੋਂ ਦੂਰੀ ਹੁੰਦੀ ਹੈ ਤਾਂ ਸੰਬੰਧ ਟੁੱਟਦੇ ਹਨ। ਜੇਕਰ ਬਹੁਤ ਲੰਮੇ ਸਮੇਂ ਲਈ ਸੰਬੰਧ ਟੁੱਟ ਜਾਣ ਤਾਂ ਜਿਸ ਨਾਲ ਸੰਬੰਧ ਟੁੱਟਦੇ ਹਨ ਉਹ ਚੇਤੇ ਦਾ ਅੰਗ ਨਹੀਂ ਰਹਿੰਦਾ। ਜਿਹੜੀ ਗੱਲ ਹਮੇਸ਼ਾਂ ਲਈ ਚੇਤੇ ਤੋਂ ਵਿਸਰ ਜਾਵੇ ਤਾਂ ਸਮਝ ਆਉਂਦੀ ਹੈ ਕਿ ਸੰਬੰਧ ਟੁੱਟ ਗਏ ਹਨ। ਜਿਸ ਨਾਲ ਸੰਬੰਧ ਸੀ ਉਹ ਚੇਤੇ ਵਿਚੋਂ ਵਿਸਰ ਗਿਆ, ਹੁਣ ਤਾਂ ਨਾ ਉਸ ਦੇ ਗੁਣ ਚੇਤੇ ਨਾਂ ਉਸ ਦਾ ਸਰੂਪ ਚੇਤੇ। ਜਦੋਂ ਕਦੇ ਉਹ ਚੇਤੇ ਵਿੱਚ ਸੀ ਉਦੋਂ ਜਿਹੜੇ ਸੁੱਖ ਮਿਲਦੇ ਸਨ, ਹੁਣ ਤਾਂ ਉਹ ਸੁੱਖ ਭੀ ਚੇਤੇ ਨਹੀਂ। ਜੀਵਨ ਵਿੱਚ ਨਿਰਾਸਤਾ ਆ ਗਈ। ਨਿਰਾਸਤਾ ਭਰਿਆ ਜੀਵਨ ਤਾਂ ਇਸ ਤਰ੍ਹਾਂ ਹੈ ਜਿਵੇਂ ਚੰਦ੍ਰਮਾ ਚੜ੍ਹਿਆ ਹੋਵੇ, ਪੂਰਨਮਾਸ਼ੀ ਦੀ ਰਾਤ ਹੋਵੇ ਪਰ ਜਿਸ ਦਾ ਆਪਣਾ ਚਿੱਤ ਨਿਰਾਸ ਹੈ, ਉਦਾਸ ਹੈ ਉਸ ਨੂੰ ਪੂਰਨਮਾਸ਼ੀ ਦੀ ਰਾਤ ਨੂੰ ਚੜ੍ਹਿਆ ਹੋਇਆ ਚੰਦ੍ਰਮਾ ਭੀ ਉਦਾਸ ਨਜ਼ਰ ਆਉਂਦਾ ਹੈ। ਫੁੱਲ ਖਿੜਦੇ ਹਨ, ਹਵਾ ਆਉਂਦੀ ਹੈ, ਮਹਿਕ ਵੰਡਦੇ ਹਨ ਪਰ ਜਿਸ ਦੇ ਅੰਦਰ ਨਿਰਾਸਤਾ ਹੈ ਉਸ ਨੂੰ ਫੁੱਲ ਭੀ ਨਿਰਾਸ਼ ਨਜ਼ਰ ਆਉਂਦੇ ਹਨ। ਪਰ ਜੇ ਕਿਸੇ ਅੰਦਰ ਖੁਸ਼ੀ ਹੈ ਤਾਂ ਉਸ ਨੂੰ ਮੱਸਿਆ ਦੀ ਰਾਤ ਭੀ ਖੇੜੇ ਵਿੱਚ ਨਜ਼ਰ ਆਉਂਦੀ ਹੈ। ਇਸਦਾ ਭਾਵ ਹੈ ਕਿ ਗੱਲ ਅੰਦਰ ਦੀ ਹੈ ਬਾਹਰ ਦੀ ਨਹੀਂ। ਬਾਹਰ ਤਾਂ ਸਿਰਫ ਦੇਖੀ ਜਾ ਰਹੀ ਹੈ, ਗੱਲ ਅੰਦਰ ਦੀ ਹੈ। ਕਾਫੀ ਸਮੇਂ ਤੋਂ ਬਾਅਦ ਕੋਈ ਮਿੱਤਰ ਕੋਲ ਬੈਠੇ ਤੇ ਉਸ ਸੱਜਣ ਦੀ ਯਾਦ ਦੁਆਉਣੀ ਸ਼ੁਰੂ ਕਰ ਦੇਵੇ ਜਿਸ ਨਾਲ ਸੰਬੰਧ ਟੁੱਟੇ ਹਨ। ਉਸ ਸੱਜਣ ਦੇ ਗੁਣ ਦੱਸਣੇ ਸ਼ੁਰੂ ਕਰੇ ਉਸਦੇ ਜੀਵਨ ਬਾਰੇ ਦੱਸਣਾ ਸ਼ੁਰੂ ਕਰੇ, ਉਸ ਦੀਆਂ ਸਿਫਤਾਂ ਦੱਸੇ ਤੇ ਕਹੇ ਉਹ ਸੱਜਣ ਬਹੁਤ ਚੰਗਾ ਸੀ, ਕਦੇ ਤਾਂ ਤੂੰ ਉਸ ਦੀ ਗੋਦ ਚੋਂ ਬਾਹਰ ਨਹੀਂ ਸੀ ਬੈਠਦਾ, ਹੁਣ ਤੈਨੂੰ ਕੀ ਹੋ ਗਿਆ ? ਹੁਣ ਤੈਨੂੰ ਉਹ ਕਿਉਂ ਚੇਤੇ ਨਹੀਂ ? *"ਕਦੇ ਤਾਂ ਤੁਹਾਡੀ ਇੱਕ ਵਾਲ ਜਿਤਨੀ ਭੀ ਵਿੱਥ ਨਹੀਂ ਸੀ ਹੁੰਦੀ। ਹੁਣ ਇਹ ਵਿੱਥ ਕਿਉਂ ਪੈ ਗਈ ?"* ਪਰ ਅਸੀਂ ਵੇਖਦੇ ਹਾਂ ਜਿਨ੍ਹਾਂ ਦੇ ਚੇਤੇ ਵਿਚੋਂ ਗੱਲ ਭੁੱਲ ਗਈ ਹੈ, ਆਰੰਭ ਵਿੱਚ ਕੋਈ ਉਹ ਗੱਲ ਸੁਣਾਵੇ ਭੀ, ਉਹ ਸੁਣਦੇ ਹੀ ਨਹੀਂ। ਕੋਈ ਬਿਠਾਵੇ ਵੀ ਉਹ ਬੈਠਣ ਨੂੰ ਤਿਆਰ ਨਹੀਂ ਹੁੰਦੇ। ਜੇਕਰ ਕੋਈ ਗੱਲ ਕਰਦਾ ਭੀ ਹੈ, ਉਸ ਗੱਲ ਤੇ ਭਰੋਸਾ ਨਹੀਂ ਕਰਦੇ। ਐਸੀ ਅਵਸਥਾ ਹੈ ਮਨੁੱਖ ਦੀ। ਪਰ ਸੱਜਣ ਉਸਦੇ ਗੁਣ ਸੁਣਾਉਂਦੇ ਹਨ। ਐਸੇ ਸੱਜਣ ਸਮਝਾਉਂਦੇ ਹਨ ਕਿ ਜਿਸ ਜੀਵਨ ਦਾਤੇ ਨੇ ਤੈਨੂੰ ਜੀਵਨ ਦਿੱਤਾ ਹੈ, ਜਿਸਦੇ ਆਸਰੇ ਤੂੰ ਜਿਉ ਰਿਹਾ ਹੈਂ, ਜਿਸ ਦੀ ਕ੍ਰਿਪਾ ਨਾਲ ਤੇਰਾ ਜਨਮ ਹੋਇਆ ਹੈ, ਜਿਸ ਦੀ ਬਖਸ਼ਿਸ਼ ਕਰਕੇ ਤੈਨੂੰ ਗਰਭ ਵਿੱਚ ਸਿਮਰਨ ਮਿਲਿਆ ਜੇ ਉਹ ਸਿਮਰਨ ਨਾ ਹੁੰਦਾ ਤੂੰ ਗਰਭ ਵਿੱਚ ਗਲ ਜਾਂਦਾ। ਉਸ ਸਿਮਰਨ ਕਰਕੇ ਤੇਰਾ ਜਨਮ ਹੋਇਆ ਹੈ ਤੂੰ ਉਸ ਮਾਲਕ ਨੂੰ ਚੇਤੇ ਕਰ। ਜਿਨ੍ਹਾਂ ਦਾ ਸਿਮਰਨ ਟੁੱਟ ਗਿਆ ਉਹ ਗਰਭ ਵਿੱਚ ਹੀ ਗਲ ਗਏ, ਜਨਮ ਨਾ ਲੈ ਸਕੇ। ਜਨਮ ਉਨ੍ਹਾਂ ਦਾ ਹੀ ਹੋਇਆ ਜਿਨ੍ਹਾਂ ਦਾ ਸਿਮਰਨ ਨਿਰੰਤਰ ਜ਼ਾਰੀ ਰਿਹਾ। ਹੁਣ ਸੱਜਣ ਯਾਦ ਕਰਾਉਂਦੇ ਹਨ ਕਿ ਜੋ ਸਿਮਰਨ ਕਰਕੇ ਤੈਨੂੰ ਜਨਮ ਮਿਲਿਆ, ਜੇ ਤੂੰ ਹੁਣ ਜੀਵਨ ਵਿੱਚ ਸਿਮਰਨ ਨਹੀਂ ਕਰਦਾ ਤਾਂ ਤੇਰਾ ਜੀਵਨ ਭੀ ਗਲ ਜਾਵੇਗਾ। ਜਿਸਨੇ ਤੇਰੀ ਸਿਰਜਨਾ ਕੀਤੀ ਉਸ ਨੇ ਤੈਨੂੰ ਨਹੀਂ ਭੁਲਾਇਆ ਪਰ ਤੂੰ ਕਿਉਂ ਭੁੱਲ ਗਿਆ ? ਜਿਸ ਨੇ ਜੀਵ ਨੂੰ ਸਾਜਿਆ ਉਹ ਭੁਲਾਉਂਦਾ ਨਹੀਂ, ਉਹ ਆਪਣੀ ਰਚਨਾ ਨੂੰ ਨਹੀਂ ਭੁਲਾਉਂਦਾ। ਉਹ ਘਟ ਘਟ ਵਿੱਚ ਵਸਦਾ ਹੈ, ਉਹ ਤੇਰਾ ਸੱਜਣ ਹੈ। ਇਹ ਸੱਜਣ ਚੇਤੇ ਕਰਾਉਂਦੇ ਹਨ। ਇਹ ਸੱਜਣ ਕੌਣ ਹਨ ਜਿਹੜੇ ਜੀਵਨ ਦਾਤੇ ਦੀਆਂ ਗੱਲਾਂ ਕਰਦੇ ਹਨ ? ਇਹ ਕੈਸੇ ਮਿੱਤਰ ਹਨ ? ਇਹ ਹਨ ਸਤਿਗੁਰੂ! ਸਤਿਗੁਰੂ ਹੀ ਇੱਕ ਐਸੇ ਸੱਜਣ ਹਨ ਜੋ ਚੇਤੇ ਕਰਾਉਂਦੇ ਹਨ ਕਿ ਹੇ ਭਾਈ ! ਤੂੰ ਜੀਵਨ ਦਾਤੇ ਨਾਲੋਂ ਟੁੱਟਿਆ ਪਿਆ ਹੈਂ। ਜਿਹੜੇ ਜੀਵਨ ਦਾਤੇ ਨਾਲੋਂ ਟੁੱਟ ਜਾਂਦੇ ਹਨ, ਭਟਕ ਜਾਂਦੇ ਹਨ। ਜਿਹੜੇ ਭਟਕ ਜਾਂਦੇ ਹਨ ਉਹਨਾਂ ਨੂੰ ਫਿਰ ਢੋਈ ਨਹੀਂ ਮਿਲਦੀ। ਜਿਨ੍ਹਾਂ ਨੂੰ ਢੋਈ ਨਹੀਂ ਮਿਲਦੀ ਉਹ ਜੀਵਨ ਜੀਉਂਦਿਆਂ ਆਪਣਾ ਜੀਵਨ ਹੀ ਗਵਾ ਲੈਂਦੇ ਹਨ। ਸੱਚੀ ਗੱਲ ਤਾਂ ਇਹ ਹੈ ਉਹ ਆਪਣਾ



www.AKJ.Org

ਮਰਨਾ ਭੀ ਗਵਾ ਲੈਂਦੇ ਹਨ। ਜੋ ਜੀਵਨ ਦਾਤੇ ਨਾਲ ਜੁੜਦੇ ਹਨ ਉਹ ਜੀਵਨ ਜੀਉਂਦਿਆਂ ਆਪਣਾ ਜੀਵਨ ਭੀ ਸਫਲ ਕਰ ਜਾਂਦੇ ਹਨ ਅਤੇ ਆਪਣਾ ਮਰਨਾ ਭੀ ਸੁਆਰ ਜਾਂਦੇ ਹਨ। ਸ਼ੁਰੂ ਸ਼ੁਰੂ ਵਿੱਚ ਤਾਂ ਮਨੁੱਖ ਸੱਜਣ ਕੋਲ, ਗੁਰੂ ਕੋਲ ਬੈਠਦਾ ਭੀ ਨਹੀਂ। ਪਰ ਸਤਿਗੁਰੂ ਜੀ ਕਿੰਨੇ ਦਿਆਲੂ ਹਨ ਕਿ ਉਹ ਬੇਮੁੱਖ ਨੂੰ ਭੀ ਥਾਪੀ ਦੇ ਕੇ ਪ੍ਰਮਾਤਮਾ ਨਾਲ ਜੁੜਨ ਦੀਆਂ ਗੱਲਾਂ ਸੁਣਾਉਂਦੇ ਹਨ। ਸਤਿਗੁਰੂ ਬੇਮੁੱਖ ਨੂੰ ਭੀ ਤਾਰਦੇ ਹਨ। ਉਹ ਤਾਂ ਕੁਬੋਲ ਬੋਲਣ ਵਾਲੇ ਨਿੰਦਕ ਨੂੰ ਭੀ ਤਾਰਦੇ ਹਨ। ਜਿਵੇਂ ਜਿਵੇਂ ਮਨੁੱਖ ਸਤਿਗੁਰੂ ਰਾਹੀਂ ਪਰਮੇਸ਼ਰ ਦੀਆਂ ਵਡਿਆਈਆਂ ਸੁਣਦਾ ਹੈ, ਇੱਕ ਨਿਸ਼ਾਨੀ ਪ੍ਰਗਟ ਹੋਵੇਗੀ। ਸੁਣਦਿਆਂ ਸੁਣਦਿਆਂ ਸੁਣਨ ਵਾਲੇ ਦੇ ਅੰਦਰ ਬਿਰਹਾ ਪ੍ਰਗਟ ਹੋਵੇਗੀ, ਬੈਰਾਗ ਪ੍ਰਗਟ ਹੋਵੇਗਾ। ਜਿਸਦੀਆਂ ਸਿਫ਼ਤਾਂ ਸੁਣੀਆਂ ਉਸਨੂੰ ਸਰੀਰ ਕਰਕੇ ਸਾਹਮਣੇ ਨਹੀਂ ਵੇਖਿਆ। ਉਹ ਨਿਰਗੁਣ ਸਰੂਪ ਘਟ ਘਟ ਵਿੱਚ ਵਸਦਾ ਹੈ। ਸਰਗੁਣ ਉਸ ਦੇ ਸਾਜੇ ਹੋਏ ਹਨ। ਸਾਰਿਆਂ ਵਿੱਚ ਨਿਰਗੁਣ ਰੂਪ ਹੋ ਕੇ ਵਰਤ ਰਿਹਾ ਹੈ। ਜਿਵੇਂ ਜਿਵੇਂ ਵਡਿਆਈਆਂ ਸੁਣਾਂਗੇ, ਬੈਰਾਗ ਵਧੇਗਾ। ਜਿਥੇ ਬਿਰਹਾ ਨਹੀਂ, ਉਥੇ ਕੁੱਝ ਭੀ ਨਹੀਂ। ਜਿਥੇ ਬੈਰਾਗ ਨਹੀਂ ਉਥੇ ਬੀਜਿਆ ਹੋਇਆ ਬੀਜ ਭੀ ਪ੍ਰਫੁੱਲਤ ਨਹੀਂ ਹੁੰਦਾ। ਜਿੱਥੇ ਵਤਰ ਨਹੀਂ ਉੱਥੇ ਫੁੱਲ ਨਹੀਂ ਹੋਣਾ।

ਬੈਰਾਗੀ ਤੇ ਹਰਿ ਪਾਈਐ...... (ਪੰਨਾ ੪੯੦)

ਗੁਣ ਸੁਣਦੇ ਸੁਣਦੇ ਜਿਵੇਂ ਜਿਵੇਂ ਬੈਰਾਗ ਵੱਧਦਾ ਜਾਏਗਾ ਇੱਕ ਅਵਸਥਾ ਹੋਰ ਪ੍ਰਗਟ ਹੋ ਜਾਵੇਗੀ, ਤੁਸੀਂ ਆਪ ਬੋਲਣ ਲੱਗ ਜਾਓਗੇ–

'ਮੈ ਪ੍ਰਭੁ ਮਿਲਣੈ ਕਾ ਚਾਉ।।' (ਪੰਨਾ ੪੧)

ਪਹਿਲਾਂ ਤਾਂ ਵਡਿਆਇਆਂ ਸੁਣਦੇ ਸੀ ਹੁਣ ਬੋਲਣ ਲਗ ਜਾਓਗੇ। ਆਰੰਭ ਵਿਚ ਤਾਂ ਵਡਿਆਈਆਂ ਸੁਣੇਨ ਨੂੰ ਭੀ ਤਿਆਰ ਨਹੀਂ ਸੀ, ਬੈਠਣ ਨੂੰ ਭੀ ਤਿਆਰ ਨਹੀਂ ਸੀ।

ਸਤਿਗੁਰ ਤਾਂ ਪਰਮੇਸ਼ਰ ਦੀਆਂ ਵਡਿਆਈਆਂ ਸਭ ਨੂੰ ਸੁਣਾਉਂਦੇ ਹਨ, ਮੂਰਖਾਂ ਤੇ ਬੇਮੁਖਾਂ ਨੂੰ ਭੀ ਸੁਣਾਉਂਦੇ ਹਨ। ਸੁਣਦੇ ਸੁਣਦੇ ਐਸੀ ਅਵਸਥਾ ਆਈ, ਅੰਦਰ ਬਿਰਹਾ ਤੋਂ ਤਾਂਘ ਉਪਜੀ। ਬੋਲ ਰਸਨਾ ਤੇ ਆਏ। ਬੋਲ ਅੰਦਰ ਪਹਿਲਾਂ ਹੀ ਹਨ, ਹੁਣ ਰਸਨਾ ਤੇ ਆਏ। ਜੇ ਰਸਨਾਂ ਤੇ ਬੋਲੇ ਹੋਏ ਬੋਲ ਅੰਦਰ ਨਹੀਂ ਤਾਂ ਬੋਲ ਫਿਕੇ ਪੈ ਜਾਣਗੇ। ਜੇ ਬੋਲ ਰਸਨਾਂ ਤੇ ਹਨ ਪਰ ਅੰਦਰੋਂ ਮਨ ਨਹੀਂ ਧਿਆ ਰਿਹਾ ਤਾਂ ਗਲ ਨਹੀਂ ਬਣੇਗੀ। ਹੇ ਭਾਈ ! ਇਕੋ ਸਮੇਂ ਤੇ ਹੀ ਜੇ ਤੂੰ ਰਸਨਾਂ ਨਾਲ ਸਿਫਤ ਸਾਲਾਹ ਕਰ ਰਿਹਾ ਹੋਵੇਂ ਤੇਰਾ ਮਨ ਭੀ ਸਿਫ਼ਤ ਸਾਲਾਹ ਕਰ ਰਿਹਾ ਹੋਵੇ ਤਾਂ ਗਲ ਬਣੇਗੀ। ਇਹ ਨਹੀਂ ਹੋ ਸਕਦਾ ਕਿ ਰਸਨਾਂ ਤੇਰੀ ਗਾਵੇ ਤੇ ਮਨ ਕਿਤੇ ਹੋਰ ਫਿਰ ਰਿਹਾ ਹੋਵੇ। ਤਾਂਘ ਉਪਜੀ, ਤਾਂਘ ਅੰਦਰ ਹੈ। ਜੈਸੀ ਤਾਂਘ ਹੋਵੇਗੀ ਤੈਸੀ ਅੰਦਰ ਪਿਆਸ ਭੀ ਹੋਵੇਗੀ। ਬਬੀਹੇ ਦੀ ਤਾਂਘ ਹੈ ਉਸਦੀ ਪਿਆਸ ਸਵਾਂਤੀ ਬੂੰਦ ਲਈ ਹੈ। ਮੱਛਲੀ ਨੂੰ ਪਿਆਸ ਹੈ ਨੀਰ ਦੀ ਤੇ ਬਾਲਕ ਨੂੰ ਪਿਆਸ ਹੈ ਖੀਰ (ਦੁੱਧ) ਦੀ। ਨਿਰਧਨ ਨੂੰ ਧਨ ਦੀ ਪਿਆਸ ਹੈ। ਸਤਿਗੁਰ ਕਹਿੰਦੇ ਹਨ– **ਜੈਸੀ ਭੂਖ ਤੈਸੀ ਕਾ ਪੂਰਕੁ ਸਗਲ ਘਟਾ ਕਾ ਸੁਆਮੀ।।** (ਪੰਨਾ ੬੧੩)

ਜਿਵੇਂ ਜਿਵੇਂ ਕਿਸੇ ਨੂੰ ਭੁੱਖ ਹੈ ਉਸ ਭੁੱਖ ਦੇ ਮੁਤਾਬਕ ਪੂਰਕ ਭੀ ਹਨ। ਜੇਕਰ ਬੱਚੇ ਨੂੰ ਖੀਰ (ਦੁੱਧ) ਦੀ ਪਿਆਸ ਹੈ ਤਾਂ ਪਰਮੇਸ਼ਰ ਬਾਲਕ ਦੇ ਜਨਮ ਤੋਂ ਪਹਿਲਾਂ ਹੀ ਉਸਦੀ ਮਾਂ ਦੀ ਛਾਤੀ ਅੰਦਰ ਦੁੱਧ ਪੈਦਾ ਕਰ ਦਿੰਦੇ ਹਨ।

ਜੀਅ ਜੰਤ ਸਭਿ ਪਾਛੈ ਕਰਿਆ।।
ਪ੍ਰਥਮੇ ਰਿਜਕੁ ਸਮਾਹਾ।। (ਪੰਨਾ ੧੨੩੫)

ਪਿਆਸ ਕਿਸ ਤਰ੍ਹਾਂ ਦੀ ਚਾਹੀਦੀ ਹੈ ?

ਨਾਨਕ ਪਿਆਸ ਲਗੀ ਦਰਸਨ ਕੀ
ਪ੍ਰਭੁ ਮਿਲਿਆ ਅੰਤਰਜਾਮੀ।। (ਪੰਨਾ ੬੧੩)

ਜੇ ਕਿਸੇ ਨੂੰ ਪ੍ਰਭੂ ਦਰਸਨਾਂ ਦੀ ਪਿਆਸ ਹੈ ਤਾਂ ਉਹ ਇਸ ਪਿਆਸ ਦਾ ਭੀ ਪੂਰਕ ਹੈ ਪਰ ਇਸ ਪਿਆਸ, ਭੁੱਖ, ਤਾਂਘ ਬਾਰੇ ਭੀ ਕੁਝ ਵੀਚਾਰ ਕਰੀਏ। ਬੱਚਾ ਖੇਡ ਰਿਹਾ ਹੈ, ਖੇਡਾਂ ਵਿਚ ਮਸਤ ਹੈ। ਖਿਡਾਉਣਿਆਂ ਨਾਲ ਖੇਡ ਰਿਹਾ ਹੈ। ਹੁਣ ਮਾਤਾ ਆਵਾਜ਼ ਮਾਰੇ– *'ਬੱਚਾ ਖੇਡਣਾ ਬੰਦ ਕਰ, ਤੇਰੇ ਦੁੱਧ ਪੀਣ ਦਾ ਸਮਾਂ ਹੋ ਗਿਆ।'* ਜ਼ਰਾ ਵੀਚਾਰ ਕਰੀਏ ਜਿਹੜਾ ਬਿਲਕੁਲ ਖੇਡ ਵਿਚ ਮਸਤ ਹੈ ਉਹ ਤਾਂ ਮਾਂ ਦੀ ਆਵਾਜ਼ ਵੱਲ ਭੀ ਧਿਆਨ ਨਹੀਂ ਦੇਵੇਗਾ। ਜਨਮ ਦੇਣ ਵਾਲੀ ਆਵਾਜ਼ਾਂ ਮਾਰਦੀ ਹੈ। ਮਾਂ ਬੱਚੇ ਨੂੰ ਨਹੀਂ ਭੁਲਾਉਂਦੀ। ਮਾਂ ਨੂੰ ਪਤਾ ਹੈ, ਬੱਚੇ ਨੂੰ ਇਸ ਸਮੇਂ ਖੁਰਾਕ ਦੀ ਲੋੜ ਹੈ। ਪਰ ਬੱਚਾ ਭੁੱਲ ਗਿਆ ਹੈ। ਬੱਚੇ ਦਾ ਧਿਆਨ ਖੇਡਣ ਵਿਚ ਹੈ। ਮਾਂ ਆਵਾਜ਼ਾਂ ਮਾਰ ਮਾਰ ਕੇ ਚੁੱਪ ਕਰ ਗਈ ਪਰ ਬੱਚਾ ਨਹੀਂ ਹਟਦਾ। ਜੇ ਉਹ ਖਿਡੌਣੇ ਖੋਹੰਦੀ ਹੈ ਤਾਂ ਬੱਚਾ ਰੋਂਦਾ ਹੈ, ਦੁੱਖੀ ਹੁੰਦਾ ਹੈ, ਕਲੇਸ਼ ਪਾਉਂਦਾ ਹੈ। ਹੁਣ ਕੀ ਹੋਵੇਗਾ ? ਬੱਚਾ ਖੇਡੀ ਜਾਵੇਗਾ, ਖੇਡੀ ਜਾਵੇਗਾ ਪਰ ਜਿਸ ਸਮੇਂ ਉਸ ਨੂੰ ਅੰਦਰੋਂ ਭੁੱਖ ਲੱਗ ਜਾਵੇਗੀ ਫਿਰ


www.AKJ.Org

ਜਿੰਨੇ ਮਰਜ਼ੀ ਖਿਡੌਣੇ ਹੋਣ, ਖੇਡੇਗਾ ਨਹੀਂ। ਇਸ ਦਾ ਮਤਲਬ ਇਹ ਹੈ ਕਿ ਅੰਦਰ ਦੀ ਭੁੱਖ ਨਾਲੋਂ ਟੁੱਟਣਾ ਖਿਡੌਣਿਆਂ ਦੀ ਖੇਡ ਵਿਚ ਮਸਤ ਹੋਣਾ ਹੈ। ਜਿਸ ਵਾਹਿਗੁਰੂ ਨੇ ਸਾਨੂੰ ਜਨਮ ਦਿੱਤਾ, ਭੋਜਨ ਦਿੱਤਾ, ਪ੍ਰਤਿਪਾਲਨਾ ਕਰ ਰਿਹਾ ਹੈ, ਅਸੀਂ ਮਾਇਆ ਦੀ ਖੇਡ ਵਿਚ ਮਸਤ ਹੋ ਕੇ ਉਸ ਨੂੰ ਭੁਲਾ ਬੈਠੇ ਹਾਂ। ਜਦੋਂ ਬੱਚੇ ਨੂੰ ਭੁੱਖ ਲੱਗ ਪਈ ਖਿਡੌਣੇ ਇੱਕ ਪਾਸੇ ਸੁੱਟੇ ਤੇ ਤੁਰ ਪਿਆ। ਹੁਣ ਬੱਚਾ ਕੀ ਕਰੇਗਾ ? ਬੱਚਾ ਸਭ ਤੋਂ ਪਹਿਲਾਂ ਮਾਂ ਵਲ ਜਾਵੇਗਾ। ਜਦੋਂ ਐਧਰ ਓਧਰ ਦੇਖਿਆ ਤਾਂ ਮਾਂ ਨਜ਼ਰ ਨਹੀਂ ਆਈ ਤਾਂ ਉਸ ਸਮੇਂ ਮਾਂ! ਮਾਂ! ਕਹਿ ਕੇ ਆਵਾਜ਼ਾਂ ਮਾਰਦਾ ਹੈ। ਨਾਲੇ ਰੋਂਦਾ ਹੈ ਨਾਲੇ ਆਵਾਜ਼ਾਂ ਮਾਰਦਾ ਹੈ। ਪਹਿਲਾਂ ਭੁੱਖ ਲੱਗੀ ਤਾਂ ਮਾਂ ਵਲ ਧਿਆਨ ਗਿਆ। ਜਦੋਂ ਮਾਂ ਨਜ਼ਰ ਨਹੀਂ ਆਈ ਤਾਂ ਪੁਕਾਰ ਸ਼ੁਰੂ ਹੋ ਗਈ। ਅੰਦਰ ਦੀ ਭੁੱਖ ਨੇ ਪੁਕਾਰ ਪੈਦਾ ਕੀਤੀ। ਉਂਝ ਕੋਈ ਕੂਕਾਂ ਮਾਰੀ ਜਾਵੇ ਪਰ ਜੇ ਕੂਕ ਅੰਦਰ ਦੀ ਨਹੀਂ ਤਾਂ ਕੌਣ ਸੁਣੇਗਾ ? ਕੂਕਾਂ ਤਾਂ ਲੋਕ ਬਹੁਤ ਮਾਰਦੇ ਹਨ ਪਰ ਕੂਕ ਉਹ ਹੈ ਜੋ ਅੰਦਰੋਂ ਨਿਕਲੇ। ਜਦੋਂ ਇਹ ਕੂਕ ਰੂਹ ਦਾ ਗੀਤ ਬਣ ਜਾਵੇਗੀ, ਜਦੋਂ ਇਹ ਕੂਕ ਪ੍ਰਾਣਾਂ ਚੋਂ ਨਿਕਲੇਗੀ ਫੇਰ ਇਹ ਪ੍ਰਸਾਦਿ ਦਾ ਫਲ ਦੇਵੇਗੀ। ਗੱਲ ਸਿਰਫ਼ ਗੱਲਾਂ ਕਰਨ ਦੀ ਨਹੀਂ, ਗੱਲ ਤਾਂ ਅੰਦਰ ਦੀ ਹੈ। ਰਸਨਾਂ ਦੁਆਰਾ ਜਪਦੇ ਜਪਦੇ ਜਦੋਂ ਅੰਦਰੋਂ ਵਾਹਿਗੁਰੂ ਦੀ ਆਵਾਜ਼ ਆਏਗੀ ਤਾਂ ਗੱਲ ਬਣੇਗੀ। ਹੁਣ ਬੱਚਾ ਲੱਭਦਾ ਭੀ ਹੈ, ਰੋਂਦਾ ਭੀ ਹੈ, ਬੈਰਾਗ ਭੀ ਹੈ ਪਰ ਮਾਂ ਨਹੀਂ ਲੱਭ ਰਹੀ। ਅੰਦਰ ਦੀ ਭੁੱਖ ਨੇ ਮਾਂ ਵਲ ਆਉਣ ਤੇ ਮਜ਼ਬੂਰ ਕਰ ਦਿੱਤਾ ਪਰ ਅਗੋਂ ਮਾਂ ਨਹੀਂ ਮਿਲ ਰਹੀ। ਅੰਦਰ ਇਤਨਾ ਬੈਰਾਗ ਪੈਦਾ ਹੋ ਗਿਆ ਹੁਣ ਤਾਂ ਉਸਨੂੰ ਮਾਂ ਹੀ ਮਾਂ ਚੇਤੇ ਹੈ, ਹੋਰ ਕੁਝ ਚੇਤੇ ਨਹੀਂ। ਜਦੋਂ ਮਾਂ ਮਿਲ ਗਈ ਫਿਰ ਕੀ ਹੋਵੇਗਾ ? ਫਿਰ ਮਾਂ ਦੀ ਗੋਦ ਮਿਲੇਗੀ। ਬੱਚਾ ਮਾਂ ਵਲ ਵੇਖੇਗਾ, ਮਾਂ ਬੇਟੇ ਵੱਲ ਦੇਖੇਗੀ। ਦੋਨਾਂ ਦੀ ਮਿਲਣੀ ਹੋਏਗੀ। ਕਹਿੰਦੇ ਨੇ ਬੱਚਾ ਮਾਂ ਵਲ ਵੇਖੀ ਜਾਏ, ਵੇਖੀ ਜਾਏ ਤੇ ਮਾਂ ਦਾ ਧਿਆਨ ਬੱਚੇ ਵਲ ਜਾਵੇਗਾ, ਉਸੇ ਵੇਲੇ ਬੱਚੇ ਨੂੰ ਚੁੰਮ ਕੇ ਗਲਵਕੜੀ ਵਿਚ ਲੈ ਲਵੇਗੀ। ਗੋਦ ਸਫਲ ਹੋ ਜਾਵੇਗੀ। ਸੋ ਗੱਲ ਤਾਂ ਅੰਦਰ ਦੀ ਪਿਆਸ ਦੀ ਹੈ। ਹੁਣ ਅੰਦਰ ਦੀ ਪਿਆਸ ਦੀ ਗਲ ਕਿਵੇਂ ਬਣੇ ? ਅੰਦਰ ਭੁੱਖ ਕਿਵੇਂ ਲੱਗੇ ਤਾਂ ਕਿ ਸਾਡੇ ਅੰਦਰ ਦੀ ਭੁੱਖ ਪੁਕਾਰ ਬਣ ਜਾਵੇ। ਸਾਡੀ ਆਤਮਾ ਹੀ ਸਾਡੀ ਪੁਕਾਰ ਬਣ ਜਾਵੇ। ਜੇ ਆਤਮਾ ਹੀ ਪੁਕਾਰ ਬਣ ਜਾਵੇ ਤਾਂ ਆਤਮਾ ਪ੍ਰਮਾਤਮਾ ਦੀ ਅੰਸ਼ ਹੈ। ਪੁਕਾਰ ਦਾ ਸਬੰਧ ਧੀਰਜ ਨਾਲ ਹੈ। ਹੇ ਭਾਈ! ਤੂੰ ਪੁਕਾਰ ਕਰ ਪਰ ਧੀਰਜ ਰੱਖੀਂ। ਜੇ ਤੂੰ ਧੀਰਜ ਰਖੇਂਗਾ ਤਾਂ ਤੇਰੀ ਪੁਕਾਰ ਤੇਰੇ ਗਲੇ ਤੱਕ ਆਏਗੀ। ਜੇ ਤੂੰ ਧੀਰਜ ਰੱਖੇਂਗਾ ਤੇਰੀ ਪੁਕਾਰ ਤੇਰੇ ਮਨ ਤੱਕ ਆਏਗੀ। ਜੇ ਹੋਰ ਧੀਰਜ ਰਖੇਂਗਾ ਤਾਂ ਤੇਰੀ ਪੁਕਾਰ ਤੇਰੇ ਹਿਰਦੇ ਤੱਕ ਆਏਗੀ। ਜੇ ਧੀਰਜ ਰਖੇਂਗਾ, ਭਰੋਸਾ ਰਖੇਂਗਾ ਤਾਂ ਤੇਰਾ ਹਿਰਦਾ ਤੇ ਤੇਰੀ ਆਤਮਾ ਹੀ ਪੁਕਾਰ ਬਣ ਜਾਏਗੀ। ਪਰ ਅਸੀਂ ਕੀ ਕਰਦੇ ਹਾਂ ? ਅੱਜ ਪੁਕਾਰ ਕੀਤੀ, ਕਹਿੰਦੇ ਹਾਂ ਹੁਣੇ ਹੀ ਸਾਡਾ ਕੰਮ ਬਣ ਜਾਵੇ। ਧੀਰਜ ਨਹੀਂ ਹੈ। ਅੱਜ ਗੁਰਦੁਆਰੇ ਆਏ ਤੇ ਹੁਣੇ ਹੀ ਸਾਡੀ ਗੱਲ ਬਣ ਜਾਵੇ। ਹੁਣ ਭੁੱਖ ਕਿਵੇਂ ਲੱਗੇ ? ਕਹਿੰਦੇ ਹਨ ਜਿਸ ਨੂੰ ਅੰਦਰੋਂ ਭੁੱਖ ਨਹੀਂ ਲਗਦੀ ਉਸਦਾ ਮੇਹਦਾ ਖ਼ਰਾਬ ਹੈ। ਇਸ ਨੂੰ ਡਾਕਟਰ ਜਾਂ ਵੈਦ ਕੋਲ ਲੈ ਜਾਵੇ। ਵੈਦ ਕਹਿੰਦੇ ਹਨ ਤੈਨੂੰ ਭੁੱਖ ਨਹੀਂ ਲੱਗ ਰਹੀ, ਤੇਰਾ ਮੇਹਦਾ ਖ਼ਰਾਬ ਹੈ, ਤੇਰੇ ਅੰਦਰ ਗਰਮੀ ਪੈ ਗਈ ਹੈ, ਇਹ ਚੂਰਨ ਲੈ ਜਾ, ਰੋਜ਼ ਖਾਇਆ ਕਰ, ਤੈਨੂੰ ਭੁੱਖ ਲਗਣੀ ਸ਼ੁਰੂ ਹੋ ਜਾਵੇਗੀ। ਮੇਰੇ ਸਤਿਗੁਰੂ ਭੀ ਇਹੋ ਕਹਿੰਦੇ ਹਨ। ਜਦੋਂ ਕਿਸੇ ਨੂੰ ਭੁੱਖ ਨਹੀਂ ਲਗਦੀ ਉਸ ਨੂੰ ਕਿੰਨੇ ਭੀ ਅੱਛੇ ਅੱਛੇ ਪਦਾਰਥ ਦੇ ਦਿਓ ਉਹ ਨਾਂਹ ਨਾਂਹ ਕਰਦਾ ਹੈ। ਉਸ ਨੂੰ ਕੋਈ ਚੀਜ਼ ਚੰਗੀ ਨਹੀਂ ਲਗਦੀ। ਜਿਸ ਨੂੰ ਅੰਦਰੋਂ ਨਾਮ ਦੀ ਭੁੱਖ ਨਹੀਂ ਲਗਦੀ ਉਹ ਅੰਮ੍ਰਿਤ ਵੇਲੇ ਨਹੀਂ ਉੱਠਦਾ, ਉਹ ਗੁਰੂ ਘਰ ਨਹੀਂ ਜਾਂਦਾ, ਉਹ ਗੁਟਕਾ ਲੈ ਕੇ ਪਾਠ ਨਹੀਂ ਕਰਦਾ। ਸਮਝ ਲੈਣਾ ਚਾਹੀਦਾ ਹੈ ਕਿ ਅੰਦਰ ਬੀਮਾਰੀ ਹੈ। ਜੇ ਅੰਦਰ ਬੀਮਾਰੀ ਹੈ ਤਾਂ ਸਤਿਗੁਰੂ ਵੈਦ ਕੋਲ ਜਾਓ।

(ਚਲਦਾ)

## ੧ਓ ਨਹੀਂ, ੴ

ਅੱਜ ਕਲ ਜਾਣੇ ਜਾਂ ਅਣਜਾਣੇ ਇੱਕ ਓਅੰਕਾਰ (ੴ) ਨੂੰ ੧ਓ (ਇੱਕ ਓਅੰ) ਲਿਖਣ ਦੀ ਪਿਰਤ ਪੈਂਦੀ ਨਜ਼ਰ ਆ ਰਹੀ ਹੈ। ਅਖਬਾਰਾਂ, ਰਸਾਲਿਆਂ, ਕਾਰਡਾਂ, ਪੁਸਤਕਾਂ ਵਿੱਚ ਇਹ ਉਕਾਈ ਆਮ ਦੇਖੀ ਜਾ ਸਕਦੀ ਹੈ। ਅਣਗਹਿਲੀ ਕਾਰਨ ਇਹ ਉਕਾਈ ਸਾਨੂੰ "ਧੁਰ ਕੀ ਬਾਣੀ" ਨੂੰ ਵਿਗਾੜਨ ਦਾ ਭਾਗੀ ਬਣਾਉਂਦੀ ਹੈ। ਸਾਨੂੰ ਇਸ ਉਕਾਈ ਤੋਂ ਖ਼ਬਰਦਾਰ ਹੋਣਾ ਚਾਹੀਦਾ ਹੈ ਅਤੇ ਅਧੂਰੇ ਸ਼ਬਦ *'੧ਓ'* ਨੂੰ *'ਕਾਰ'* ਲਗਾ ਕੇ ਪੂਰਾ ਸ਼ਬਦ *'ੴ'* (ਇੱਕ ਓਅੰਕਾਰ) ਲਿਖਣਾ ਚਾਹੀਦਾ ਹੈ।



www.AKJ.Org

# ਜੋਤੀ ਸੰਗਿ ਜੋਤਿ ਸਮਾਨਾ (੨)

(ਸੂਬੇਦਾਰ ਧਰਮ ਸਿੰਘ ਸੁੱਜੋਂ)

ਲੜੀ ਜੋੜਨ ਲਈ ਦੇਖੋ 'ਸੂਰਾ' ਅਗਸਤ, ੧੯੯੬.....

ਹੁਣ ਰਿਹਾ ਸਵਾਲ ਇਹ ਕਿ ਅਕਾਲ-ਪੁਰਖ ਦਾ ਮਿਲਾਪ ਹੋਵੇ ਤਾਂ ਕਿਵੇਂ ਹੋਵੇ ? ਇਸ ਤੋਂ ਪਹਿਲਾਂ ਕਿ ਇਸ ਸਵਾਲ ਤੇ ਵਿਚਾਰ ਕਰੀਏ, ਇੱਕ ਵੱਡੇ ਭੁਲੇਖੇ ਨੂੰ ਦੂਰ ਕਰ ਲੈਣਾ ਜ਼ਰੂਰੀ ਮਾਲੂਮ ਹੁੰਦਾ ਹੈ। ਉਹ ਭੁਲੇਖਾ ਹੈ ਨਾਮ ਸੰਬੰਧੀ। ਗੁਰੂ ਸ਼ਬਦ, ਗੁਰ ਮੰਤ੍ਰ ਅਤੇ ਨਾਮ, ਇਹ ਤਿੰਨੇ ਸ਼ਬਦ, ਵਾਹਿਗੁਰੂ ਦੇ ਸ਼ਬਦ ਦੇ ਲਖਾਇਕ ਹਨ। ਵਾਹਿਗੁਰੂ ਸ਼ਬਦ ਇੱਕ ਤਾਂ ਇਹ ਸ਼ਬਦ ਹੈ ਜੋ ਅਸੀਂ ਆਪਣੀ ਜ਼ਬਾਨ ਤੋਂ ਜਪ ਕੇ ਉਚਾਰਨ ਕਰਦੇ ਹਾਂ ਦੂਸਰਾ ਸ਼ਬਦ ਵਾਹਿਗੁਰੂ ਉਹ ਸ਼ਬਦ ਹੈ। ਜੋ ਉੱਪਰ ਬਿਆਨ ਹੋ ਚੁੱਕੇ ਅਨੁਸਾਰ ਏਕੰਕਾਰਹੁ ਉਪਜੀ ਸ਼ਬਦ ਧੁਨ ਹੈ ਜੋ ਕੁਦਰਤ ਦੇ ਕਣ ਕਣ ਵਿੱਚ ਆਪਣੇ ਆਪ ਉਪਜ ਕੇ ਅਨੁਭਵ ਦੇ ਕੰਨਾਂ ਨੂੰ ਪਜ ਕੇ ਅਨੁਭਵ ਦੇ ਕੰਨ ਪਰਾ ਪੂਰਬਲੇ ਸਮੇਂ ਤੋਂ ਸੁਣਾਈ ਦਿੰਦੀ ਆ ਰਹੀ ਹੈ ਤਾਂ ਹੀ ਇਸ ਆਵਾਜ਼ ਲਈ ਆਖਿਆ ਗਿਆ ਹੈ ਕਿ 'ਸਤਿਨਾਮੁ ਤੇਰਾ ਪਰਾ ਪੂਰਬਲਾ' (ਪੰਨਾ ੨੮੩) ਗੁਰਸ਼ਬਦ ਉਹ ਆਵਾਜ਼ ਹੈ ਜੋ ਅਸੀਂ ਆਪਣੀ ਜ਼ਬਾਨ ਤੋਂ ਜਪ ਕੇ ਪੈਦਾ ਕਰਦੇ ਹਾਂ। ਨਾਮ ਉਹ ਆਵਾਜ਼ ਹੈ ਜੋ ਏਕੰਕਾਰਹੁ ਆਪਣੇ ਆਪ ਉਪਜੀ ਇੱਕ ਰਸ ਚੱਲੀ ਆ ਰਹੀ ਹੈ। ਸੁਣਨੇ ਵਾਲੇ ਨੂੰ ਦੋਨੋਂ ਆਵਾਜ਼ਾਂ ਹੀ ਵਾਹਿਗੁਰੂ ਸੁਣਾਈ ਦਿੰਦੀਆਂ ਹਨ ਜਦੋਂ ਕਿ ਜ਼ਬਾਨ ਤੋਂ ਉਚਾਰਨ ਹੋਈ ਆਵਾਜ਼ ਗੁਰ-ਸ਼ਬਦ ਹੈ ਤੇ ਏਕੰਕਾਰਹੁ ਉਪਜੀ ਆਵਾਜ਼ ਨਾਮ ਹੈ।

ਆਪੀਨੈ ਆਪੁ ਸਾਜਿਓ ਆਪੀਨੈ ਰਚਿਓ ਨਾਉ ।। (ਪੰਨਾ ੪੬੩) '੧ਓ' ਦੀ ਨਾ ਸਾਜਨਾ ਦੇ ਨਾਲ ਦੀ ਨਾਲ ਹੀ ਨਾਮ ਦੀ ਭੀ ਰਚਨਾ ਹੋਈ।

ਗੁਰਮੁਖਿ ਰੋਮਿ ਰੋਮਿ ਹਰਿ ਧਿਆਵੈ।। (ਪੰਨਾ ੯੪੧) ਕੋਈ ੨੮/੩੦ ਸਾਲ ਦੀ ਗੱਲ ਹੈ ਦਾਸ ਦੇ ਇੱਕ ਪਰਮ ਸੁਨੇਹੀ ਨਾਲ ਨਾਮ ਦੀ ਵਿਚਾਰ ਹੋ ਰਹੀ ਸੀ ਤਾਂ ਉਨ੍ਹਾਂ ਦੀ ਜ਼ਬਾਨ ਤੋਂ ਅਚਾਨਕ ਇਹ ਸ਼ਬਦ ਨਿਕਲ ਗਏ ਕਿ ਜਦੋਂ ਪਹਿਲੇ ਪਹਿਲ ਮੇਰੇ ਰੋਮ ਰੋਮ ਵਿੱਚੋਂ ਵਾਹਿਗੁਰੂ ਸ਼ਬਦ ਦੀ ਆਵਾਜ਼ ਆਉਣੀ ਸ਼ੁਰੂ ਹੋਈ ਤਾਂ ਮੈਂ ਹੈਰਾਨ ਰਹਿ ਗਿਆ ਕਿ ਮੇਰੇ ਰੋਮ ਰੋਮ ਨੂੰ ਜੀਭ ਕਿਵੇਂ ਲੱਗ ਗਈ ? ਇੱਕ ਵਾਰੀ ਬਾਬੂ ਮਲ ਸਿੰਘ ਜੀ ਨੇ ਸਾਹਮਣੇ ਪਏ ਮੇਜ਼ ਤੇ ਹੱਥ ਮਾਰ ਕੇ ਆਖਿਆ ਸੀ ਕਿ ਤੁਹਾਨੂੰ ਇਹ ਲੱਕੜੀ ਨਜ਼ਰ ਆਉਂਦੀ ਹੈ ਤੇ ਸਾਨੂੰ ਇਸ ਦੇ ਕਣ ਕਣ ਵਿਚੋਂ ਵਾਹਿਗੁਰੂ ਦੀ ਆਵਾਜ਼ ਸੁਣਾਈ ਦਿੰਦੀ ਹੈ। ਇਹ ਦੋ ਉਦਾਹਰਨਾਂ ਇਸ ਲਈ ਦਿੱਤੀਆਂ ਹਨ ਤਾਂ ਜੋ ਇਹ ਤੱਥ ਸਪੱਸ਼ਟ ਹੋ ਸਕੇ ਕਿ ਏਕੰਕਾਰਹੁ ਉਪਜੀ ਸਬਦਿ-ਧੁਨ, ਨਾਮ, ਸੰਸਾਰ ਦੇ ਕਣ ਕਣ ਵਿੱਚੋਂ ਸੁਣਾਈ ਦੇ ਰਹੀ ਹੈ। ਇਹ ਆਵਾਜ਼ ਇੱਕ ਸ਼ਕਤੀ (ਾnergy) ਹੈ।

ਇਹ ਨਾਮ ਸ਼ਕਤੀ ਜਦੋਂ ਸੰਸਾਰ ਦੇ ਕਣ ਕਣ ਵਿੱਚ ਮੌਜੂਦ ਹੈ ਤਾਂ ਇਹ ਹੀ ਨਾਮ ਸ਼ਕਤੀ ਮੇਰੇ ਅੰਦਰ ਭੀ ਮੌਜੂਦ ਹੈ ਜਿਵੇਂ ਅਸੀਂ ਉੱਪਰ ਪੜ੍ਹ ਆਏ ਹਾਂ ਕਿ ਨਾਮ ਅਤੇ ਜੋਤਿ ਦੋਨੋਂ ਹੀ ਸ਼ਕਤੀਆਂ ਸਾਡੇ ਅੰਦਰ ਗੁਪਤ ਹਾਲਤ ਵਿੱਚ ਮੌਜੂਦ ਹਨ ਤਾਂ ਇਸ ਜ਼ਰੂਰੀ ਤੱਥ ਨੂੰ ਸਮਝ ਲੈਣ ਪਿਛੋਂ ਅਗਲੀ ਕਹਾਣੀ ਸਮਝਣੀ ਆਸਾਨ ਹੋ ਜਾਵੇਗੀ।

ਮੂਲ ਮੰਤ੍ਰ ਵਿੱਚ ਅਕਾਲ-ਪੁਰਖ ਦੇ ਗੁਣ ਬਿਆਨ ਕਰਕੇ ਆਖਰ ਤੇ ਗੁਰ-ਪ੍ਰਸਾਦਿ ਲਿਖ ਆਖਿਆ ਗਿਆ [illegible] ਗੁਣਾਂ ਵਾਲਾ ਬਿਆਨ ਹੋਇਆ ਅਕਾਲ-ਪੁਰਖ ਗੁਰੂ ਦੀ ਕਿਰਪਾ ਨਾਲ ਮਿਲਦਾ ਹੈ। ਕਲਗੀਧਰ ਜੀ ਅਨੁਸਾਰ "ਆਦਿ ਅੰਤ ਏਕੈ ਅਵਤਾਰਾ, ਸੋਈ ਗੁਰੂ ਸਮਝਿਅਹੁ ਹਮਾਰਾ" ਪ੍ਰਭੂ ਪ੍ਰਮਾਤਮਾ ਦੀ ਆਪਣੀ ਕਿਰਪਾ ਦੁਆਰਾ ਹੀ ਉਸ ਦੀ ਪ੍ਰਾਪਤੀ ਹੁੰਦੀ ਹੈ, ਸਾਡੀ ਆਪਣੀ ਮਰਜ਼ੀ ਅਨੁਸਾਰ ਹੀ ਕੋਸ਼ਿਸ਼ ਕੀਤਿਆਂ ਨਹੀਂ। ਸਾਨੂੰ ਪਹਿਲਾ ਆਪਣੇ ਆਪ ਨੂੰ ਪ੍ਰਭੂ ਦੀ ਕਿਰਪਾ ਦੇ ਪਾਤਰ ਬਣਾਉਣਾ ਪਏਗਾ ਜਿਸ ਦਾ ਢੰਗ ਤਰੀਕਾ ਗਉੜੀ ਰਾਗ ਵਿੱਚ ਪੰਨਾ ਨੰਬਰ ੨੯੮/੯੯ ਤੇ "ਦਸਮ ਦਸ ਦੁਆਰ ਬਸਿ ਕੀਨੇ" ਵਾਲੇ ਸ਼ਬਦ ਵਿੱਚ ਬਿਆਨ ਕੀਤਾ ਗਿਆ ਹੈ। ਇਸ ਸ਼ਬਦ ਅਨੁਸਾਰ ਅਮਲ ਕਰਨ ਉਪਰੰਤ ਜਦੋਂ ਅਸੀਂ ਪ੍ਰਭੂ ਦੀ ਪੂਰਨ ਕਿਰਪਾ ਦੇ ਪਾਤਰ ਹੋ ਜਾਂਦੇ ਹਾਂ ਤਾਂ "ਪੂਰਬ ਕਰਮ ਅੰਕੁਰ ਜਬ ਪ੍ਰਗਟੇ ਭੇਟਿਓ ਪੁਰਖੁ ਰਸਿਕ ਬੈਰਾਗੀ।। ਮਿਟਿਓ ਅੰਧੇਰੁ ਮਿਲਤ ਹਰਿ ਨਾਨਕ ਜਨਮ ਜਨਮ ਕੀ ਸੋਈ ਜਾਗੀ।।" (ਪੰਨਾ ੨੦੪) ਪਿਛਲੇ ਜਨਮਾਂ ਵਿੱਚ ਪ੍ਰਭੂ ਦੀ ਕਿਰਪਾ ਦੇ ਪਾਤਰ ਬਣਨ ਹਿੱਤ ਕੀਤੇ ਕਰਮਾਂ ਦਾ ਫਲ ਜਦ ਪੁੰਗਰਦਾ ਹੈ ਤਾਂ ਸਾਡਾ ਮਿਲਾਪ ਇੱਕ ਪੁਰਖ ਰਸਕ ਬੈਰਾਗੀ ਨਾਲ ਹੋ ਜਾਂਦਾ ਹੈ ਜਿਸ ਨੂੰ ਆਮ ਬੋਲੀ ਵਿੱਚ ਸਤਿਗੁਰੂ ਆਖਦੇ ਹਾਂ। ਸਤਿਗੁਰੂ ਦੀ ਡੀਊਟੀ ਹੈ ਉੱਪਰ ਬਿਆਨ ਹੋਏ, ਸਾਡੇ ਅੰਦਰੋਂ, ਗੁਪਤ ਨਾਮ ਨੂੰ ਪਰਗਟ ਕਰਨਾ



www.AKJ.Org

"ਹਉ ਬਲਿਹਾਰੀ ਸਤਿਗੁਰ ਅਪੁਨੇ ਜਿਨਿ ਗੁਪਤੁ ਨਾਮੁ ਪਰਗਾਝਾ" (ਪੰਨਾ ੬੯੭) ਜਾਂ

ਮੇਰੈ ਮਨਿ ਗੁਪਤ ਹੀਰੁ ਹਰਿ ਰਾਖਾ।।
ਦੀਨ ਦਇਆਲਿ ਮਿਲਾਇਓ ਗੁਰੁ ਸਾਧੂ
ਗੁਰਿ ਮਿਲਿਐ ਹੀਰੁ ਪਰਾਖਾ।। (ਪੰਨਾ ੬੯੬)

ਸਾਡੇ ਅੰਦਰੋਂ ਮੌਜੂਦ ਗੁਪਤ ਹੀਰੇ ਨਾਮ ਨੂੰ ਸਤਿਗੁਰੂ ਦੁਆਰਾ ਪਰਗਟ ਕਰਨ ਦੀ ਕਿਰਿਆ ਨੂੰ ਆਖਦੇ ਹਨ। ਅੰਮ੍ਰਿਤ ਪਾਨ ਕਰਨਾ-ਗੁਰੂ ਗੱਦੀ, ਗੁਰੂ ਗਰੰਥ ਸਾਹਿਬ ਜੀ ਨੂੰ ਪਰਾਪਤ ਹੈ। ਅੰਮ੍ਰਿਤ ਸੰਚਾਰ ਸਮੇਂ ਜਿੱਥੇ ਪੰਜ ਪਿਆਰਿਆਂ ਦੀ ਸੇਵਾ ਪੂਰਨ ਸਿੱਖ ਨਿਭਾ ਰਹੇ ਹੁੰਦੇ ਹਨ ਉਥੇ ਗੁਰੂ ਨਾਨਕ ਦੇਵ ਜੀ ਦੀ ਜੋਤਿ, ਪੰਜ ਪਿਆਰਿਆਂ ਵਿੱਚ ਪ੍ਰਵੇਸ਼ ਕਰ, ਜਗਿਆਸੂ ਜਨਾਂ ਦੇ ਅੰਦਰ ਗੁਪਤ ਨਾਮ ਪਰਗਟ ਕਰਨ ਦੀ ਜ਼ੁੰਮੇਵਾਰੀ ਆਪ ਨਿਭਾਉਂਦੀ ਹੈ। ਜਦੋਂ ਗੁਪਤ ਨਾਮ ਜਗਿਆਸੂ ਵਿੱਚ ਪਰਗਟ ਹੋ ਜਾਂਦਾ ਹੈ ਤਾਂ ਉਸ ਦੀ ਇੱਕ ਖਾਸ ਨਿਸ਼ਾਨੀ ਹੈ। ਇਹ ਨਿਸ਼ਾਨੀ ਪੰਜ ਪਿਆਰਿਆਂ ਦੇ ਅਧਿਕਾਰ ਖੇਤਰ ਦਾ ਵਿਸ਼ਾ ਹੈ। ਇਸ ਨੂੰ ਖੁੱਲ੍ਹ ਖੇਡ ਨਹੀਂ ਬਣਾਇਆ ਜਾ ਸਕਦਾ। ਗੁਪਤ ਨਾਮ ਦੇ ਪਰਗਟ ਹੋਣ ਤੇ ਨਾਮ ਦੀ ਰੌ ਗੁਪਤ ਜਾਂ ਪਰਗਟ ਤੌਰ ਤੇ ਸਭ ਅੰਮ੍ਰਿਤ ਅਭਿਲਾਖੀਆਂ ਵਿੱਚ ਜਾਰੀ ਹੋ ਜਾਂਦੀ ਹੈ ਪਰ ਕਿਤੇ ਕਿਤੇ ਕਿਸੀ ਕਿਸੀ ਵਿਰਲੇ ਸੱਜਣ ਤੇ ਤਾਂ ਐਸੀ ਕਲਾ ਵਰਤਦੀ ਹੈ ਕਿ ਉਸ ਲਈ ਇਹ ਝਾਲ ਝੱਲਣੀ ਔਖੀ ਹੋ ਜਾਂਦੀ ਹੈ। ਪੰਜ ਪਿਆਰੇ ਹੀ ਇਸ ਕਲਾ ਨੂੰ ਜਰਨ ਲਈ ਸਹਾਇਤਾ ਕਰਦੇ ਹਨ। ਕਿਸੀ ਕਿਸੀ ਦੀ ਤਾਂ ਉਸੀ ਵੇਲੇ ਹੀ ਸਮਾਧੀ ਭੀ ਲੱਗ ਜਾਂਦੀ ਹੈ। *ਨਾਮ ਦੇ ਗੁਪਤ ਪਰਗਟ ਹੋਣ ਨੂੰ ਅੰਮ੍ਰਿਤ ਕਲਾ ਆਖਦੇ ਹਨ।*

ਸਿੱਖੀ ਦਾ ਸਾਰਾ ਮਹੱਲ ਅੰਮ੍ਰਿਤ ਕਲਾ ਤੇ ਉਸਰਦਾ ਹੈ। ਜੇ ਅੰਮ੍ਰਿਤ ਕਲਾ ਨਾ ਵਰਤੀ ਤਾਂ ਸਿੱਖੀ ਕਿੱਥੇ ? ਸਿੱਖ ਕੌਮ ਸ਼ੇਰਾਂ ਦੀ ਕੌਮ ਹੈ। ਸ਼ੇਰ ਜੰਗਲ ਵਿੱਚ ਬਹੁਤੇ ਨਹੀਂ ਹੁੰਦੇ ਘੱਟ ਹੀ ਹੁੰਦੇ ਹਨ। ਗਿੱਦੜ ਤੁਹਾਨੂੰ ਬਹੁਤ ਮਿਲ ਜਾਣਗੇ। ਕੌਮ ਨੂੰ Quantity ਦੀ ਨਹੀਂ Quality ਦੀ ਲੋੜ ਹੈ।

ਅੰਮ੍ਰਿਤ ਪਾਨ ਉਪਰੰਤ ਅੰਮ੍ਰਿਤ ਅਭਿਲਾਖੀ ਨੂੰ ਗੁਰ-ਮੰਤ੍ਰ ਦੀ ਬਖਸ਼ਿਸ਼ ਕਰਕੇ ਨਾਮ ਅਭਿਆਸ ਦੀ ਜੁਗਤੀ ਦ੍ਰਿੜਾਈ ਜਾਂਦੀ ਹੈ। ਪ੍ਰਾਣੀ, ਗੁਰ-ਮੰਤ੍ਰ ਜਾਂ ਗੁਰ-ਸ਼ਬਦ ਦੀ ਅਤੁੱਟ ਕਮਾਈ ਕਰਦਾ ਹੈ ਤਾਂ ਇੱਕ ਦਿਨ ਐਸਾ ਆਉਂਦਾ ਹੈ ਜਦੋਂ ਸਤਿਗੁਰੂ ਦੁਆਰਾ ਅੰਦਰੋਂ ਪਰਗਟ ਹੋਈ ਨਾਮ ਦੀ ਰੌਂ ਨਾਲ ਜੁੜ ਜਾਂਦਾ ਹੈ। ਇਸ ਰੌਂ ਦੇ ਨਾਲ ਜੁੜਨ ਨਾਲ ਨਾਮ ਅਭਿਆਸ ਨਿਰਯਤਨ ਹੀ ਜਾਰੀ ਹੋ ਜਾਂਦਾ ਹੈ ਜਿਸ ਨੂੰ ਗੁਰਮੁਖਾਂ ਦੀ ਬੋਲੀ ਵਿੱਚ, ਨਾਮ ਦਾ ਤੋਰਾ ਤੁਰਨਾ ਆਖਦੇ ਹਨ ਤੇ ਗੁਰਬਾਣੀ ਦੀ ਬੋਲੀ ਵਿੱਚ ਅਜਪਾ ਜਾਪ।

ਨਾਮ ਦੀ ਅਤੁੱਟ ਕਮਾਈ ਦਾ ਸਦਕਾ ਇੱਕ ਵਕਤ ਐਸਾ ਆਉਂਦਾ ਹੈ ਜਦੋਂ ਨਾਭੀ ਦਾ ਮੂਧਾ ਪਿਆ ਕਮਲ ਖਿੜ ਕੇ ਸਿੱਧਾ ਹੋ ਜਾਂਦਾ ਹੈ। "ਊਧ ਕਵਲ ਬਿਗਸਾਂਤ" (ਪੰਨਾ ੨੫੪) ਕਮਲ ਦੇ ਖਿੜਨੇ ਤੇ "ਪਰਗਾਸੁ ਭਇਆ ਕਉਲੁ ਖਿਲਿਆ" (ਪੰਨਾ ੨੪੯) ਨਾਭੀ ਤੇ ਜੋਤੀ ਦਾ ਪਰਗਾਸ ਹੋ ਜਾਂਦਾ ਹੈ ਜੋ ਕੁੱਝ ਸੂਰਜਾਂ ਦੀ ਰੌਸ਼ਨੀ ਸਮਾਨ ਹੁੰਦਾ ਹੈ। ਆਖਦੇ ਨੇ ਕਿ ਨਾਭੀ ਤੇ ਜੀਵ-ਆਤਮਾ ਦਾ ਨਿਵਾਸ ਹੈ ਤੇ ਦਸਵੇਂ ਦੁਆਰ ਪਰਮ-ਆਤਮਾ ਦਾ। ਨਾਮ ਦੀ ਹੋਰ ਕਮਾਈ ਵਧਣ ਤੇ ਸੁਆਸ ਨਾਭੀ ਤੋਂ ਉਲਟ ਦਸਮ-ਦੁਆਰ ਪਹੁੰਚ ਜਾਂਦੇ ਹਨ। ਦਸਮ-ਦੁਆਰ ਦੇ ਬੱਜਰ ਕਪਾਟ ਗੁਰ ਸ਼ਬਦ ਦੀ ਕਮਾਈ ਤੋਂ ਬਗੈਰ ਹੋਰ ਕਿਸੀ ਭੀ ਢੰਗ ਨਾਲ ਨਹੀਂ ਖੁੱਲਦੇ। "ਬਜਰ ਕਪਾਟ ਨ ਖੁਲਨੀ ਗੁਰ ਸਬਦਿ ਖੁਲੀਜੈ" (ਪੰਨਾ ੯੫੪) ਇਹ ਬਜਰ ਕਪਾਟ ਗੁਰ ਸਬਦਿ ਦੀ ਕੁੰਜੀ ਦਵਾਰਾ ਖੁੱਲ੍ਹਣ ਤੇ "ਦਸਵੈ ਦੁਆਰਿ ਕੁੰਚੀ ਜਬ ਦੀਜੈ।। ਤਉ ਦਇਆਲ ਕੋ ਦਰਸਨੁ ਕੀਜੈ" (ਪੰਨਾ ੩੪੧) ਦਇਆਲ ਦੇ ਦਰਸਨ ਕੇਹੋ ਜੇਹੇ ਹਨ ? "ਪ੍ਰਗਟੀ ਜੋਤਿ ਮਿਲੇ ਰਾਮ ਪਿਆਰੇ।।" (ਪੰਨਾ ੩੨੫), ਦਸਮ ਦੁਆਰ ਵਿਖੇ ਜੋਤਿ ਪਰਗਟ ਹੋ ਜਾਂਦੀ ਹੈ। ਇਸ ਜੋਤਿ ਦਾ ਚਾਨਣਾ ਕਰੋੜ-ਹਾ-ਕਰੋੜ ਸੂਰਜਾਂ ਦੇ ਸਾਮਾਨ ਹੁੰਦਾ ਹੈ। ਦਰਅਸਲ ਕਰੋੜ-ਹਾ-ਕਰੋੜ ਦੀ ਗਿਣਤੀ ਭੀ ਅਸਲ ਗਿਣਤੀ ਦੇ ਮੁਕਾਬਲੇ ਬਹੁਤ ਥੋੜ੍ਹੀ ਹੈ। ਜਦੋਂ ਨਾਭੀ ਤੋਂ ਸੁਆਸ ਉਲਟ ਦਸਮ ਦੁਆਰ ਪਹੁੰਚਦੇ ਹਨ ਤਾਂ ਦਸਮ-ਦੁਆਰ ਵਿਖੇ ਆਤਮ ਜੋਤਿ ਅਤੇ ਪਰਮ-ਆਤਮ ਜੋਤਿ ਆਪੋ ਵਿੱਚ ਘੁਲ ਮਿਲ ਜਾਂਦੀਆਂ ਹਨ ਜਿਸ ਬਾਰੇ ਸੁਖਮਨੀ ਸਾਹਿਬ ਦਾ ਫੁਰਮਾਨ ਹੈ ਕਿ-

ਜਿਉ ਜਲ ਮਹਿ ਜਲੁ ਆਇ ਖਟਾਨਾ।।
ਤਿਉ ਜੋਤੀ ਸੰਗਿ ਜੋਤਿ ਸਮਾਨਾ।।
ਮਿਟਿ ਗਏ ਗਵਨ ਪਾਏ ਬਿਸ੍ਰਾਮ।।
ਨਾਨਕ ਪ੍ਰਭ ਕੈ ਸਦ ਕੁਰਬਾਨ।।੮।।੧੧।।
(ਸੁਖਮਨੀ ਸਾਹਿਬ)

ਜੀਵ ਆਤਮਾ ਤੇ ਪਰਮ-ਆਤਮਾ ਦੇ ਮਿਲਾਪ


www.AKJ.Org

ਉਪਰੰਤ ਇਹ ਜੋਤਿ ਦਾ ਪ੍ਰਕਾਸ਼ ਸਰੀਰ ਤੋਂ ਬਾਹਰ ਹੋ, ਨਿਕਲ ਕੇ ਸੰਸਾਰ ਦੇ ਜ਼ੱਰੇ ਜ਼ੱਰੇ ਵਿੱਚ ਫੈਲ ਜਾਂਦਾ ਹੈ। ਸੰਸਾਰ ਅੰਦਰ ਕੋਈ ਥਾਂ ਐਸੀ ਨਹੀਂ ਰਹਿੰਦੀ ਜਿੱਥੇ ਇਹ ਪ੍ਰਕਾਸ਼ ਨਜ਼ਰ ਨਾ ਆਵੇ। ਇਸ ਪਦ ਪਹੁੰਚ ਹੀ ਸ੍ਰੀ ਗੁਰੂ ਅੰਗਦ ਦੇਵ ਨੇ ਫੁਰਮਾਇਆ ਸੀ ਕਿ-

ਜੇ ਸਉ ਚੰਦਾ ਉਗਵਹਿ, ਸੂਰਜ ਚੜਹਿ ਹਜਾਰ।।
ਏਤੇ ਚਾਨਣ ਹੋਦਿਆਂ, ਗੁਰ ਬਿਨੁ ਘੋਰ ਅੰਧਾਰ।।
(ਪੰਨਾ ੪੬੩)

ਸਾਇੰਸਦਾਨਾਂ ਦੀ ਪਰਖ ਪੜਤਾਲ ਅਨੁਸਾਰ ਇਸ ਵਕਤ ਇੱਕ ਖਰਬ X ਇੱਕ ਅਰਬ ਸੂਰਜਾਂ ਤੋਂ ਭੀ ਵੱਧ ਸੂਰਜ ਸੰਸਾਰ ਵਿੱਚ ਮੌਜੂਦ ਹਨ। ਇਤਨੇ ਸੂਰਜਾਂ ਦੇ ਹੁੰਦਿਆਂ ਹੋਇਆਂ ਹਰ ਰਾਤ ਕਾਲੀ ਬੋਲੀ ਤੇ ਹਨ੍ਹੇਰੀ ਹੁੰਦੀ ਹੈ। ਜੇ ਇਸ ਅਸੰਖਾਂ ਸੂਰਜਾਂ ਦੀ ਗਿਣਤੀ ਵਿੱਚ ਇੱਕ ਹਜ਼ਾਰ ਸੂਰਜ ਜਾਂ ਸੌ ਚੰਦ ਹੋਰ ਭੀ ਸ਼ਾਮਲ ਹੋ ਜਾਣ ਤਾਂ ਭੀ ਹਨ੍ਹੇਰਾ ਦੂਰ ਨਹੀਂ ਹੋ ਸਕਦਾ। ਸਿਰਫ ਦਸਮ ਦੁਆਰ ਉਘਾੜ ਉਪਰੰਤ ਹੀ ਕਣ ਕਣ ਵਿੱਚ ਜੋਤਿ ਦਾ ਪਰਕਾਸ਼ ਹੋ ਹਨ੍ਹੇਰੇ ਲਈ ਕੋਈ ਥਾਂ ਹੀ ਬਾਕੀ ਨਹੀਂ ਰਹਿੰਦੀ। ਇਹ ਪ੍ਰਕਾਸ਼ ਗੁਰੂ ਦੇ ਮਿਲਾਪ ਉਪਰੰਤ ਨਾਮ ਦੀ ਪਰਾਪਤੀ ਕਾਰਨ ਪੈਦਾ ਹੁੰਦਾ ਹੈ, ਨਹੀਂ ਤਾਂ ਗੁਰੂ ਤੋਂ ਬਗੈਰ ਇਹ ਹਨ੍ਹੇਰਾ ਦੂਰ ਕਰਨ ਦਾ ਕੋਈ ਉਪਾਏ ਨਹੀਂ ਹੈ।

ਜਿਸ ਪ੍ਰਕਾਸ਼ ਦਾ ਜ਼ਿਕਰ ਹੋ ਰਿਹਾ ਹੈ ਇਹ ਪ੍ਰਕਾਸ਼ ੧ਓ, ਜਾਂ ਜਾਗਤ-ਜੋਤਿ ਦਾ ਹੈ। ਆਪ ਜੀ ਲੇਖ ਦੇ ਆਰੰਭ ਵਿੱਚ ਪੜ੍ਹ ਆਏ ਹੋ ਕਿ ਜਿੱਥੇ ਏਕੰਕਾਰ ਦਾ ਪ੍ਰਕਾਸ਼ ਹੈ, ਉਥੇ ਸਬਦਿ ਧੁਨ ਭੀ ਉਪਜ ਰਹੀ ਹੈ, ਜਿੱਥੇ ਏਕੰਕਾਰ ਦਾ ਪ੍ਰਕਾਸ਼ ਸੰਸਾਰ ਦੇ ਕਣ ਕਣ ਵਿੱਚ ਪਰਤੱਖ, ਅਨੁਭਵ ਦੇ ਨੇਤਰਾਂ ਨਾਲ ਦੇਖਦੇ ਹਾਂ ਉਥੇ ਹੀ ਇਸ ਪ੍ਰਕਾਸ਼ ਵਿੱਚੋਂ ਉਪਜੀ ਸਬਦਿ ਧੁਨਿ ਜਾਂ ਵਾਹਿਗੁਰੂ ਨਾਮ ਦੀ ਆਵਾਜ਼ ਭੀ ਸੁਣਾਈ ਦਿੰਦੀ ਹੈ "ਜੇਤਾ ਕੀਤਾ ਤੇਤਾ ਨਾਉ।। ਵਿਣੁ ਨਾਵੈ ਨਾਹੀ ਕੋ ਥਾਉ।।" (ਜਪੁ ਸਾਹਿਬ) ਜੀਵ ਆਤਮਾ ਅਤੇ ਪਰਮ ਆਤਮਾ ਮਿਲਾਪ ਦੀ ਨਿਸ਼ਾਨੀ ਇਹ ਹੈ ਕਿ ਕਣ ਕਣ ਵਿਚੋਂ ਨਾਮ ਵਾਹਿਗੁਰੂ ਦੀ ਆਵਾਜ਼ ਸੁਣਾਈ ਦਿੰਦੀ ਹੈ ਤੇ ਕਣ ਕਣ ਵਿੱਚ ਜੋਤਿ ਦਾ ਪਰਕਾਸ਼ ਨਜ਼ਰ ਆਉਂਦਾ ਹੈ-

ਜੋ ਪੇਖਾ ਸੋ ਸਭੁ ਕਿਛੁ ਸੁਆਮੀ।।
ਜੋ ਸੁਨਣਾ ਸੋ ਪ੍ਰਭ ਕੀ ਬਾਨੀ।। (ਪੰਨਾ ੧੦੮੦)

ਇਸ ਪਦ ਪਹੁੰਚ "ਜੋਤੀ ਸੰਗਿ ਜੋਤਿ ਸਮਾਨਾ" ਜਾਂ 'ਨਾਮੇ ਨਾਮਿ ਸਮਾਵਣਿਆ' ਦੀ ਬਿਧ ਬਣ ਆਉਂਦੀ ਹੈ।

ਅਖੀਰ ਵਿੱਚ ਇਹ ਅਰਜ਼ ਕਰ ਦੇਣਾ ਭੀ ਕੁੱਝ ਜ਼ਰੂਰੀ ਪਰਤੀਤ ਹੁੰਦਾ ਹੈ ਕਿ ਕੋਈ ਕਿਤਨਾ ਭੀ ਬੜਾ ਤਪੱਸਵੀ, ਭਗਤ ਜਾਂ ਦੇਵੀ ਦੇਵਤਾ ਹੀ ਕਿਉਂ ਨਾਂ ਹੋਵੇ ਉਸ ਦਾ ਉਧਾਰ ਉਦੋਂ ਹੀ ਹੋਣਾ ਹੈ ਜਦੋਂ ਉਸ ਦਾ ਆਤਮਾ ਅਤੇ ਪਰਮਾਤਮਾ ਦਾ ਆਪਸੀ ਮਿਲਾਪ ਹੋਵੇਗਾ। ਦਸਮ-ਦੁਆਰ ਦੇ ਉਘਾੜ ਤੋਂ ਬਗੈਰ ਇਹ ਮਿਲਾਪ ਹਰਗਿਜ਼ ਨਹੀਂ। ਦਸਮ-ਦੁਆਰ ਉਘਾੜ ਜਾਂ ਖੁੱਲਣਾ, ਗੁਰ-ਸ਼ਬਦ ਦੀ ਕਮਾਈ ਤੋਂ ਬਗੈਰ ਹੋਰ ਕਿਸੀ ਬਿਧਿ ਹੁੰਦਾ ਹੀ ਨਹੀਂ। ਗੁਰ-ਸਬਦ ਦੀ ਪ੍ਰਾਪਤੀ ਸਤਿਗੁਰੂ ਨਾਨਕ ਦੇਵ ਤੋਂ ਬਗੈਰ ਹੋਰ ਕਿਸੀ ਪਾਸੋਂ ਹੋ ਨਹੀਂ ਸਕਦੀ। ਸਤਿਗੁਰੂ ਨਾਨਕ ਦੇਵ ਜੀ, ਜਿਵੇਂ ਆਪ ਉੱਪਰ ਪੜ੍ਹ ਹੀ ਆਏ ਹੋ, ਪੰਜ ਪਿਆਰਿਆਂ ਦੇ ਸਰੂਪ ਵਿੱਚ ਅੰਮ੍ਰਿਤ-ਪਾਨ ਸਮੇਂ ਹੀ ਨਾਮ ਦੀ ਬਖਸ਼ਿਸ਼ ਕਰਦੇ ਹਨ। ਇਸ ਵਿਚਾਰ ਤੋਂ ਸਿੱਧ ਹੁੰਦਾ ਹੈ ਕਿ ਜਦੋਂ ਵੀ ਕਿਸੀ ਦਾ ਉਧਾਰ ਨਿਸਤਾਰਾ ਹੋਣਾ ਹੈ, ਸਤਿਗੁਰੂ ਨਾਨਕ ਦੇਵ ਦੇ ਦਰ ਤੇ ਹਾਜ਼ਰ ਹੋ ਅੰਮ੍ਰਿਤ-ਪਾਨ ਕਰਨ ਉਪਰੰਤ ਹੀ ਹੋਣਾ ਹੈ-

ਸੁਰਿ ਨਰ ਮੁਨਿ ਜਨ ਅੰਮ੍ਰਿਤੁ ਖੋਜਦੇ,
ਸੁ ਅੰਮ੍ਰਿਤੁ ਗੁਰ ਤੇ ਪਾਇਆ।।
(ਅਨੰਦੁ ਸਾਹਿਬ)

♠♠♠♠♠

## ਨਿਸ਼ਕਾਮ ਸੇਵਕ

(ਰਾਜਿੰਦਰ ਸਿੰਘ ਵਿਦਿਆਰਥੀ, ਸਿੰਘਾਪੁਰ)

-(ਸੁਖਮਨੀ ਅ: ੧੮ ਪਦਾ ੨ ਦੇ ਭਾਵ ਅਰਥ)

ਗੋਲਾ ਬਣ ਜੋ ਗੁਰੂ ਦੇ ਘਰ ਰਹਿੰਦਾ, ਸਿਦਕ ਨਾਲ ਹੀ ਗੁਰੂ ਦਾ ਹੁਕਮ ਸਹਿੰਦਾ।
ਆਪਣਾ ਆਪ ਜਣਾਏ ਨਾ ਰੱਤੀ ਮਾਤਰ, ਮਨ ਵਿੱਚ ਹਰੀ ਗੁਣ ਗਾਂਦਾ ਹਮੇਸ਼ਾ ਰਹਿੰਦਾ।
ਭੇਟਾ ਗੁਰੂ ਦੀ ਚੜ੍ਹਿਆ ਜੋ ਆਪ ਜਾਣੇ, *'ਕਾਰਜ ਸਫਲ ਉਸਦੇ'* ਸੇਵਕ ਫੱਲ ਲੈਂਦਾ।
ਟਹਿਲ ਕਰਦਿਆਂ ਬਣੇ ਨਿਸ਼ਕਾਮ ਸੇਵਕ, ਮੇਲ ਸਾਂਈ ਦੇ ਨਾਲ ਤਦ ਹੋ ਵੈਹਿੰਦਾ।
ਦਇਆ ਆਪਣੀ ਆਪ ਓਹ ਕਰੇ ਜਿਸ ਤੇ, ਮੱਤਿ ਗੁਰੂ ਵਾਲੀ ਓਹ ਹੀ ਦਾਸ ਲੈਂਦਾ।



www.AKJ.Org

# ਬਾਣੀ ਗੁਰੂ, ਗੁਰੂ ਹੈ ਬਾਣੀ

ਸ੍ਰ: ਹਰਦਿਆਲ ਸਿੰਘ (ਆਈ .ਏ .ਐਸ)

1. ਸਿੱਖਾਂ ਨੂੰ ਹੁਕਮ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਪਰਗਟ ਗੁਰਾਂ ਦੀ ਦੇਹ ਮੰਨਣਾ ਹੈ ਅਤੇ ਗੁਰਬਾਣੀ ਨੂੰ ਗੁਰੂ ਮੰਨਣਾ ਹੈ। ਵੈਸੇ ਤਾਂ ਅਸਲੀ ਸਿੱਖ, ਸਾਧਕ ਜਾਂ ਅਭਿਲਾਖੀ ਹੀ ਹੁੰਦਾ ਹੈ ਪਰੰਤੂ ਵਿਚਾਰਣ ਤੋਂ ਬਾਦ ਇਹ ਸਿੱਟਾ ਨਿਕਲੇਗਾ ਕਿ ਕੇਵਲ ਉਹੋ ਹੀ ਸਿੱਖ ਸਾਧਕ ਬਣਦਾ ਹੈ ਜਿਸ ਤੇ ਗੁਰੂ ਕਿਰਪਾ ਹੁੰਦੀ ਹੈ। ਗੁਰਬਾਣੀ ਦੀ ਦੇਣ ਨੂੰ ਸਾਧਕ ਦੇ ਪਖੋਂ ਵਿਚਾਰਨ ਦੀ ਲੋੜ ਹੈ।

2. ਗੁਰਬਾਣੀ, ਧੁਰ ਕੀ ਬਾਣੀ, ਮਹਾਂਪੁਰਖ ਦੀ ਬਾਣੀ, ਪ੍ਰਭੂ ਦੀ ਬਾਣੀ, ਅਮੁਲੀਕ ਲਾਲ ਰਤਨ, ਅੰਡੋਲ ਅਤੇ ਅਟਲ ਬਚਨ ਨਿਜ ਘਰ ਵਾਸਾ ਕਰਵਾਉਣ ਵਿਚ ਸਰਬ ਸਮਰਥ ਹੈ। ਗੁਰਬਾਣੀ ਸਗਲ ਇੱਛਾ ਪੂਰਕ ਹੈ, ਰੋਗ ਅਤੇ ਦੁੱਖ ਨਾਸ਼ਕ, ਕਲੇਸ਼ ਅਤੇ ਕਸ਼ਟ ਨਿਵਾਰਕ, ਭੈ ਅਤੇ ਭਰਮ ਭੰਜਕ, ਸੁੱਖ ਅਤੇ ਕਿਰਪਾ ਸਾਗਰ, ਹਰ ਥਾਂ ਅਤੇ ਹਰ ਵੇਲੇ ਸਹਾਇਕ, ਹਲਤ ਅਤੇ ਪਲਤ ਦੀ ਰਖਿਅਕ ਹੈ। ਗੁਰਬਾਣੀ ਮਾਤਾ, ਪਿਤਾ, ਭਾਈ ਅਤੇ ਮਿੱਤਰ ਹੈ। ਵਿਅਕਤੀ ਅਤੇ ਸਮਾਜ ਲਈ ਮਾਰਗ ਦਰਸ਼ਕ, ਸਿਆਣਪ ਭਰਪੂਰ ਅਤੇ ਦਾਨੀ ਹੈ। ਗੁਰਬਾਣੀ ਕੁਦਰਤ ਅਤੇ ਹੁਕਮ ਦਰਸਾਉਂਦੀ ਹੈ। ਗੁਰਬਾਣੀ ਸਤਿਗੁਰੂ ਹੈ, ਇਹ ਤਾਂ ਨਿਰੰਕਾਰ ਹੈ। ਇਹ ਅਕਥ, ਅਗਮ ਅਤੇ ਅਗਾਧਿ ਹੈ। ਇਹ ਪਰਤਖ ਵਾਹਿਗੁਰੂ ਹੈ। ਕੇਵਲ ਸਤਿਗੁਰੂ ਦੀ ਬਾਣੀ ਸੱਚੀ ਹੈ।

"ਸਤਿਗੁਰੂ ਬਿਨਾ ਹੋਰ ਕਚੀ ਹੈ ਬਾਣੀ।।
ਬਾਣੀ ਤ ਕਚੀ ਸੰਤਿਗੁਰੂ ਬਾਝਹੁ
।-------ਹੋਰ ਕਚੀ ਬਾਣੀ।।
ਕਹਦੇ ਕਚੇ ਸੁਣਦੇ ਕਚੇ
ਕਚੀ ਆਖਿ ਵਖਾਣੀ।।"

(ਅਨੰਦੁ ਸਾਹਿਬ ਪਉੜੀ ੨੪)

"ਸਤਿਗੁਰ ਕੀ ਰੀਸੈ ਹੋਰਿ ਕਚੁ ਪਿਚੁ ਬੋਲਦੇ
ਸੇ ਕੂੜਿਆਰ ਕੂੜੇ ਝੜਿ ਪੜੀਐ।।"

(ਵਾਰ ਗਉੜੀ ਮਹਲਾ ੪, ਪੰਨਾ ੩੦੪)

ਸਪਸ਼ਟ ਹੈ ਕਿ ਕੇਵਲ ਸਤਿਗੁਰੂ ਦੀ ਬਾਣੀ ਹੀ ਗੁਣ ਸਾਗਰ ਹੈ।

3. ਅਗਮ ਅਤੇ ਅਗਾਧਿ ਬਾਣੀ ਦੇ ਗੁਣ ਅਤੇ ਦੇਣ, ਕੌਣ ਬਿਆਨ ਕਰ ਸਕਦਾ ਹੈ, ਕੌਣ ਜਾਣ ਸਕਦਾ ਹੈ। ਕੋਈ ਨਹੀਂ ਕਰ ਸਕਦਾ ਕਿਉਂਕਿ ਇਹ ਸਤਿਗੁਰੂ ਅਤੇ ਵਾਹਿਗੁਰੂ ਵਾਂਗ ਅਕਥ ਹੈ। ਜੇ ਕੋਈ ਗੁਰਬਾਣੀ ਦੀ ਇੱਕ ਸਿਖਿਆ ਸੁਣ ਕੇ ਮੰਨ ਲਵੇ, ਹਿਰਦੇ ਅਤੇ ਚਿੱਤ ਵਿੱਚ ਧਾਰ ਲਵੇ, ਉਹ ਤਾਂ ਰਾਜਾ ਜਨਕ ਵਾਂਗ ਸਾਰੇ ਨਰਕ ਖਾਲੀ ਕਰਵਾ ਸਕਦਾ ਹੈ। ਉਹਦੇ ਮਨ ਵਿੱਚ ਰਤਨ, ਜਵਾਹਰ ਅਤੇ ਮਾਣਕ ਪ੍ਰਗਟ ਹੋ ਜਾਂਦੇ ਹਨ। ਐਸੀ ਬਾਣੀ ਹੈ, ਜੇ ਕੋਈ ਮੰਨ ਕੇ ਵੇਖੇ, ਦੁਬਿਧਾ ਅਤੇ ਭਰਮ ਦੂਰ ਕਰਕੇ ਹਿਰਦੇ ਵਿਚ ਧਾਰੇ ਤਾਂ ਗੁਰਬਾਣੀ ਦੀ ਦੇਣ ਦੀ ਕੁਝ ਸਮਝ ਲੱਗ ਸਕਦੀ ਹੈ। ਇਹ ਕੋਈ ਸਾਹਿਤ ਨਹੀਂ ਹੈ। ਇਹ ਕੋਈ ਕਿਤਾਬੀ ਗਿਆਨ ਨਹੀਂ ਹੈ, ਇਹ ਤਾਂ ਬ੍ਰਹਮ ਵਿਚਾਰ ਹੈ। ਇਸ ਦੀ ਸਾਹਿਤਕ ਕਦਰਾਂ ਕੀਮਤਾਂ ਤੇ ਪਰਖ ਕਰਨਾ ਕੋਈ ਸਿਆਣਪ ਨਹੀਂ ਹੈ। ਇਹ ਅਮੁੱਲ ਹੈ, ਕਲਜੁਗ ਦਾ ਜਹਾਜ਼ ਹੈ, ਸਾਧ ਦੀ ਸੰਗਤ ਹੈ। ਇਹ ਲਿਖਤ ਇੱਕ ਸਿੱਖ ਦਾ ਅੰਧ ਵਿਸ਼ਵਾਸ ਨਹੀਂ ਹੈ, ਨਿਰੀ ਸ਼ਰਧਾ ਨਹੀਂ ਹੈ। ਇਹ ਸੱਚ ਹੈ, ਨਿਰੋਲ ਸੱਚ ਹੈ, ਅਸਲੀਅਤ ਹੈ। ਹਾਂ ਅਸਲੀਅਤ ਦੱਸਣ ਵਿੱਚ ਸਿੱਖ ਗਲਤੀ ਕਰ ਸਕਦਾ ਹੈ।

4. ਗੁਰਬਾਣੀ ਦੀ ਵਡਿਆਈ, ਕੀਮਤ ਜਾਂ ਦੇਣ, ਗੁਰਬਾਣੀ ਦੀ ਕਮਾਈ ਤੋਂ ਬਾਦ ਹੀ ਉਘੜਦੀ ਹੈ ਪਰੰਤੂ ਹਰ ਇੱਕ ਵਿਅਕਤੀ, ਸਾਧਕ ਜਾਂ ਅਸਾਧਕ, ਸ਼ੁਰੂ ਤੋਂ ਅੰਤ ਜਾਂ ਤੋੜ ਤੱਕ, ਬਾਣੀ ਤੋਂ ਗਹੁ ਨਾਲ ਪੜ੍ਹਣ ਅਤੇ ਵਿਚਾਰਨ ਨਾਲ ਲੋੜੀਂਦੀ ਅਗਵਾਈ ਪ੍ਰਾਪਤ ਕਰ ਸਕਦਾ ਹੈ। ਸਾਧਕ ਜਿਵੇਂ ਜਿਵੇਂ ਉਨਤੀ ਕਰਦਾ ਹੈ ਤਿਵੇਂ ਤਿਵੇਂ ਬਾਣੀ ਦੇ ਛੁਪੇ ਹੋਏ ਭਾਵ ਅਤੇ ਪੱਖ ਸਾਹਮਣੇ ਆਉਂਦੇ ਰਹਿੰਦੇ ਹਨ। ਸੁਆਮੀ ਜਾਂ ਸਾਹਿਬ ਵਾਂਗ ਗੁਰਬਾਣੀ ਨਿੱਤ ਨਵੀਂ ਹੈ। ਦਿਬ ਦ੍ਰਿਸ਼ਟੀ ਪ੍ਰਾਪਤ ਹੋਣ ਤੇ ਸਾਧਕ ਅਸਲੀ ਸਾਧਕ ਬਣਦਾ ਹੈ। ਇਡੇ ਵੱਡੇ ਭਾਗ ਕਿਸੇ ਵਿਰਲੇ ਦੇ ਹੀ ਹੁੰਦੇ ਹਨ ਅਤੇ ਵਿਰਲਾ ਹੀ ਗੁਰਬਾਣੀ ਦੀ ਵਡਿਆਈ ਅਤੇ ਸਤਿਗੁਰੂ ਦੀ ਮਹਿਮਾ ਆਪਣੀ ਬੁੱਧੀ ਅਤੇ ਅਵਸਥਾ ਮੁਤਾਬਿਕ ਪਛਾਣ ਅਤੇ ਕੁਝ ਹੱਦ ਤੱਕ ਵਰਨਣ ਕਰ ਸਕਦਾ ਹੈ। ਕੁਝ ਹੱਦ ਤੱਕ ਕਿਉਂਕਿ ਨਿਰਾਲੀ ਖੇਡ ਗੂੰਗੇ ਦੇ ਮਿਠਿਆਈ ਖਾਣ ਵਾਂਗ ਹੈ। ਨਿਰੰਕਾਰ ਵਾਂਗ ਹੀ ਗੁਰਬਾਣੀ ਦੀ ਮਹਿਮਾ ਕਥੀ ਨਹੀਂ



www.AKJ.Org

ਜਾ ਸਕਦੀ।

5. ਸਾਧਕ ਦੇ ਪੱਖੋਂ ਗੁਰਬਾਣੀ ਦੀ ਦੇਣ ਬਾਰੇ ਕੁਝ ਨੁਕਤੇ ਹੇਠ ਦਿੱਤੇ ਜਾਂਦੇ ਹਨ –

(ੳ) ਗੁਰਬਾਣੀ ਵਾਹਿਗੁਰੂ ਦੇ ਸਰੂਪ, ਲੱਛਣ ਅਤੇ ਸੁਭਾ ਬਾਰੇ ਦਸਦੀ ਹੈ। ਰਚਨਾ ਅਤੇ ਕੁਦਰਤ ਤੇ ਚਾਨਣਾ ਪਾਉਂਦੀ ਹੈ। ਵਾਹਿਗੁਰੂ ਨੂੰ ਜਾਨਣ ਦੀ ਇੱਛਾ ਪੈਦਾ ਕਰਕੇ ਅਭਿਲਾਖੀ ਜਾਂ ਸਾਧਕ ਬਣਾਉਂਦੀ ਹੈ।

(ਅ) ਸਾਧਕ ਵਾਸਤੇ ਸਤਿਗੁਰੂ ਦੀ ਲੋੜ ਪ੍ਰਗਟਾਉਂਦੀ ਹੈ, ਸਬੰਧ ਜੋੜਦੀ ਅਤੇ ਗੂੜ੍ਹਾ ਕਰਦੀ ਹੈ। ਪੂਰਬਲੇ ਕਰਮਾਂ ਅਨੁਸਾਰ ਕਿਰਪਾ ਪਾਤਰ ਬਣਾ ਕੇ, ਕਿਰਪਾ ਦਿਵਾਉਂਦੀ ਹੈ।

(ੲ) ਗੁਰਬਾਣੀ ਭਗਤੀ ਬਾਰੇ ਵਿਚਾਰ, ਢੰਗ ਤੇ ਵਿਧੀ ਦਸਦੀ ਹੈ। ਸੰਜਮ ਦੱਸਦੀ ਹੈ।

(ਸ) ਭਗਤੀ ਦਾ ਮਾਰਗ ਬਿਖੜਾ ਹੈ, ਔਖਾ ਹੈ, ਖੰਨਿਓਂ ਤਿੱਖਾ ਅਤੇ ਵਾਲੋਂ ਨਿੱਕਾ ਹੈ। ਬਹੁਤ ਲੰਮਾ ਹੈ, ਬਹੁਤ ਬਹੁਤ ਲੰਮਾ ਹੈ। ਕਠਨ ਤਪੱਸਿਆ ਅਤੇ ਕਠਨ ਸੰਜਮ ਮੰਗਦਾ ਹੈ। ਸਾਧਕ ਡੋਲਦਾ ਹੈ, ਖਿਣ ਖਿਣ ਭੁੱਲਦਾ ਹੈ ਪਰੰਤੂ ਗੁਰਬਾਣੀ ਹੌਂਸਲਾ ਦਿੰਦੀ ਹੈ, ਮੁੜ ਰਸਤੇ ਤੇ ਪਾਉਂਦੀ ਹੈ ਅਤੇ ਬਾਂਹ ਫੜਦੀ ਹੈ।

(ਹ) ਗੁਰਬਾਣੀ ਪਰਮੇਸ਼ਰ ਦੀ ਸਿਫ਼ਤ ਸਲਾਹ ਹੈ, ਸਤ ਅਤੇ ਸੰਤੋਖ ਦਾ ਵੀਚਾਰ ਹੈ। ਵਡਿਆਈ ਜਾਂ ਸਿਫ਼ਤ ਸਲਾਹ ਨਾਲ ਵੱਡਾ ਪਾਇਆ ਜਾ ਸਕਦਾ ਹੈ।

"ਸਦਾ ਸਿਫਤਿ ਸਲਾਹ ਤੇਰੀ,
ਨਾਮੁ ਮਨਿ ਵਸਾਵਏ।"

(ਅਨੰਦੁ ਸਾਹਿਬ, ਪਉੜੀ ੩)

ਅਸੀਂ ਅੰਨ੍ਹੇ ਹਾਂ ਅਤੇ ਆਪਣੇ ਆਪ ਕੋਈ ਸਿਫ਼ਤ ਨਹੀਂ ਕਰ ਸਕਦੇ ਕਿਉਂਕਿ ਵੇਖਣ ਅਤੇ ਜਾਨਣ ਤੋਂ ਬਿਨਾਂ ਸਿਫਤ ਨਹੀਂ ਕੀਤੀ ਜਾ ਸਕਦੀ।

(ਕ) ਗੁਰਬਾਣੀ ਰਸ ਦਾ ਸੋਮਾ ਹੈ, ਅੰਮ੍ਰਿਤਸਰ ਹੈ। ਇਸੇ ਅੰਮ੍ਰਿਤ ਨੇ ਇੱਛਾਂ ਪੂਰੀਆਂ ਕਰਨੀਆਂ ਹਨ ਅਤੇ ਅੰਤ ਵਿਚ ਮਹਾਂ ਸੰਤੋਖ ਪ੍ਰਦਾਨ ਕਰਨਾ ਹੈ। ਦੁੱਖ ਅਤੇ ਪਾਪ ਕੱਟਣੇ ਹਨ।

(ਖ) ਗੁਰਬਾਣੀ ਤੋਂ ਸਭ ਫਲ ਮਿਲਦੇ ਹਨ। ਇੱਛਾਂ ਪੂਰੀਆਂ ਹੁੰਦੀਆਂ ਹਨ। ਦੁੱਖ, ਦਲਿਦਰ, ਕਸ਼ਟ, ਰੋਗ ਕੱਟੇ ਜਾਂਦੇ ਹਨ। ਤਾਣ, ਮਾਨ, ਲੱਛਮੀ ਅਤੇ ਪੁੱਤਰ ਮਿਲਦੇ ਹਨ। ਲਾਜ ਅਤੇ ਪੱਤ ਰਖੀ ਜਾਂਦੀ ਹੈ ਹਰ ਥਾਂ ਅਤੇ ਹਰ ਵੇਲੇ ਸਹਾਈ ਹੁੰਦੀ ਹੈ।

(ਗ) ਅਧਿਆਤਮਿਕ ਤਰੱਕੀ ਤਾਂ ਅਡੋਲਤਾ ਅਤੇ ਵਿਸ਼ਵਾਸ ਦੀ ਖੇਡ ਹੈ ਵਾਹਿਗੁਰੂ ਨਾ ਗੁਰਦਵਾਰੇ ਵਿੱਚ, ਨਾ ਮੰਦਰ ਵਿੱਚ, ਨਾ ਗਿਰਜੇ ਵਿੱਚ ਅਤੇ ਨਾ ਹੀ ਮਸਜਿਦ ਵਿੱਚ ਹੈ। ਇਹ ਤਾਂ ਵਿਸ਼ਵਾਸ ਵਿੱਚ ਹੈ।

"ਜਾ ਕੈ ਰਿਦੈ ਬਿਸ੍ਵਾਸੁ ਪ੍ਰਭ ਆਇਆ।।
ਤਤੁ ਗਿਆਨੁ ਤਿਸੁ ਮਨਿ ਪ੍ਰਗਟਾਇਆ।।"(ਪੰਨਾ ੨੮੫)

ਸਤਿਸੰਗਤ ਵਿੱਚ ਵਿਸ਼ਵਾਸ ਜਲਦੀ ਮਿਲਦਾ ਹੈ ਅਤੇ ਜਿਹੜੀ ਜਗ੍ਹਾ ਤੇ ਸਤਿਸੰਗਤ ਪ੍ਰਾਪਤ ਹੋਵੇ, ਪਵਿੱਤਰ ਹੈ। ਗੁਰਦੁਆਰਾ, ਮੰਦਰ, ਮਸਜਿਦ, ਗਿਰਜਾ ਸਭ ਪਵਿੱਤਰ ਹਨ ਪਰੰਤੂ ਵਿਸ਼ਵਾਸ ਤੱਤ ਹੈ, ਅਸਲ ਹੈ। ਗੁਰਬਾਣੀ ਅਡੋਲਤਾ ਅਤੇ ਵਿਸ਼ਵਾਸ ਦਾਤੀ ਹੈ। ਇਹ ਅਮੁੱਲ ਗੁਣਾਂ ਦਾ ਭੰਡਾਰ ਹੈ।

(ਘ) ਗੁਰਬਾਣੀ ਗਿਆਨ ਦਾ ਭੰਡਾਰ ਹੈ ਮਨ ਗਿਆਨ ਨਾਲ ਹੀ ਥੰਮਿਆ ਜਾਂਦਾ ਹੈ। ਮਨ ਥੁੰਮਿਆ ਗਿਆ ਤਾਂ ਕੰਮ ਬਣ ਗਿਆ, ਸਭ ਕੁੱਝ ਮਿਲ ਗਿਆ। ਗਿਆਨ ਸਮੁੰਦਰ ਬਾਣੀ ਮਨ ਨੂੰ ਥੁੰਮਦੀ ਹੈ।

(ਚ) ਗੁਰਬਾਣੀ ਸੁਰਤ ਸ਼ਬਦ ਦਾ ਮੇਲ ਹੈ। ਗੁਰਬਾਣੀ ਨਾਲ ਮਨ, ਬੁਧ ਅਤੇ ਸੁਰਤ ਦੀ ਘਾੜਤ ਘੜੀ ਜਾਂਦੀ ਹੈ ਅਤੇ ਪੂਰੀ ਸਿਧੀ ਦੀ ਪ੍ਰਾਪਤੀ ਹੁੰਦੀ ਹੈ। ਆਖਰ ਵਿੱਚ ਜੋਧ ਮਹਾਂਬਲੀ ਸੂਰ ਬਣਾ ਕੇ ਕਰਮ ਖੰਡ ਦੇ ਵਾਸੀ ਦੀ ਬਖਸ਼ਸ਼ ਦਿਵਾਉਂਦੀ ਹੈ।

(ਚ) ਗੁਰਬਾਣੀ ਦਾ ਬੋਲਣਾ, ਉਚਾਰਨਾ, ਸੁਣਨਾ, ਗਾਉਣਾ, ਵਿਚਾਰਨਾ ਅਤੇ ਕਮਾਉਣਾ ਸਭ ਫਲ ਪ੍ਰਦਾਨ ਕਰਦਾ ਹੈ। ਸੁਣਨਾ:-

"ਦੂਖ ਰੋਗ ਸੰਤਾਪ ਉਤਰੇ ਸੁਣੀ ਸਚੀ ਬਾਣੀ।।"

(ਅਨੰਦ ਸਾਹਿਬ ਪਉੜੀ ੪੦, ਪੰਨਾ ੯੨੨)

ਜਪਣਾ:-

"ਅੰਮ੍ਰਿਤ ਬਚਨ ਸਾਧ ਕੀ ਬਾਣੀ।।
ਜੋ ਜੋ ਜਪੈ ਤਿਸ ਕੀ ਗਤਿ ਹੋਵੈ
ਹਰਿ ਹਰਿ ਨਾਮੁ ਨਿਤ ਰਸਨ ਬਖਾਨੀ।।"

(ਸੂਹੀ ਮਹਲਾ ੫, ਪੰਨਾ ੭੪੪)

ਗਾਉਣਾ ਅਤੇ ਕਮਾਉਣਾ:-

"ਭਗਤਿ ਭੰਡਾਰ ਗੁਰਬਾਣੀ ਲਾਲ।।
ਗਾਵਤ ਸੁਨਤ ਕਮਾਵਤ ਨਿਹਾਲ।।"

(ਆਸਾ ਮਹਲਾ ੫, ਪੰਨਾ ੩੭੬)



www.AKJ.Org

ਵੀਚਾਰਨਾ:-

"ਬਾਣੀ ਬਿਰਲਉ ਬੀਚਾਰਸੀ ਜੇ ਕੋ ਗੁਰਮੁਖਿ ਹੋਇ।।
ਇਹ ਬਾਣੀ ਮਹਾਪੁਰਖ ਕੀ ਨਿਜ ਘਰਿ ਵਾਸਾ ਹੋਇ।।"

(ਰਾਮਕਲੀ ਮਹਲਾ ੩, ਪੰਨਾ ੯੩੫)

(ਛ) ਸਾਧਕ ਵਾਸਤੇ ਗੁਰਬਾਣੀ ਸੰਤ ਹੈ, ਸਾਧ ਹੈ, ਸਤਿ ਸੰਗਤਿ ਹੈ। ਇਹ ਸਤਿਗੁਰੂ ਹੈ।

(ਜ) ਸਾਧਕ ਵਾਸਤੇ ਗੁਰਬਾਣੀ ਸਦਾਚਾਰ ਸ਼ਾਸਤਰ ਹੈ, ਨੀਤੀ ਸ਼ਾਸਤਰ ਹੈ। ਵਿਅਕਤੀਗਤ ਅਤੇ ਸਮਾਜਿਕ ਵਿਵਹਾਰ ਵਾਸਤੇ ਪੂਰਨ ਉਪਦੇਸ਼ ਹੈ।

(ਝ) ਗੁਰਬਾਣੀ ਜ਼ਿੰਦਗੀ ਦੇ ਮੁਢਲੇ ਸਵਾਲਾਂ ਦਾ ਉੱਤਰ ਹੈ। ਸਾਧਕ ਦੀ ਜਿਗਿਆਸਾ ਜਾਂ ਉਤਸੁਕਤਾ ਨੂੰ ਤਸੱਲੀ ਦਿੰਦੀ ਹੈ। ਮੈਂ ਕਿਉਂ ਆਇਆ ਹਾਂ ? ਕਿੱਥੇ ਜਾਣਾ ਹੈ ? ਰਚਨਾ ਕਿਉਂ ਹੋਈ ਤੇ ਕਿੱਦਾਂ ਹੋਈ ? ਇਤਿਆਦਿ -- ਇਹ ਜ਼ਿੰਦਗੀ ਦੇ ਮੁਢਲੇ ਸਵਾਲ ਹਨ।

(ਞ) ਗੁਰਬਾਣੀ ਸਾਧਕ ਨੂੰ ਉਚਿਤ ਮੰਗਾਂ ਦਾ ਉਪਦੇਸ਼ ਦਿੰਦੀ ਹੈ। ਨਹੀਂ ਤਾਂ, ਸਾਧਕ, ਦੁਨਿਆਵੀ ਝੰਬੇਲਿਆਂ, ਝਗੜਿਆਂ ਅਤੇ ਮੰਗਾਂ ਵਿੱਚ ਗਲਤਾਨ ਰਹੇਗਾਂ ਅਤੇ ਆਪਣੀ ਭਗਤੀ ਜ਼ਾਇਆ ਕਰੇਗਾ ਜਾਂ ਭਗਤੀ ਕਰੇਗਾ ਨਹੀਂ।

(ਟ) ਗੁਰਬਾਣੀ ਸ਼ਰਨ ਵਿੱਚ ਆਉਣ ਦਾ ਢੰਗ ਦੱਸਦੀ ਹੈ ਅਤੇ ਸ਼ਰਨ ਦੀ ਅਵਸਥਾ ਵਿੱਚ ਲਿਆਉਂਦੀ ਹੈ।

(ਠ) ਸਾਧਕ ਦੇ ਮਨੋਭਾਵਾਂ, ਤਰੰਗਾਂ, ਤਕਲੀਫ਼ਾਂ ਅਤੇ ਨਜ਼ਾਰਿਆਂ ਨੂੰ ਪ੍ਰਗਟਾਉਂਦੀ ਹੈ ਅਤੇ ਮਾਰਗ ਤੇ ਰੱਖਦੀ ਹੈ।

(ਡ) ਗੁਰਬਾਣੀ ਅਧਿਆਤਮਿਕ ਅਵਸਥਾਵਾਂ ਅਤੇ ਨਜ਼ਾਰਿਆਂ ਦਾ ਗਿਆਨ ਦਿੰਦੀ ਹੈ। ਉਦਾਹਰਣ ਦੇ ਤੌਰ ਤੇ, ਚਾਰ ਲਾਵਾਂ ਚਾਰ ਪੜਾਅ ਹਨ। ਜਪੁਜੀ ਸਾਹਿਬ ਵਿੱਚ ਖੰਡਾਂ ਦਾ ਜ਼ਿਕਰ ਉਚੀਆਂ ਸਟੇਜਾਂ ਤੇ ਮਾਰਗ ਦਰਸਾਉਂਦਾ ਹੈ।

(ਢ) ਸਾਧਕ ਵਾਸਤੇ ਗੁਰਬਾਣੀ ਇੱਕ ਮਾਪ ਤੋਲ ਹੈ ਜਿਸ ਨਾਲ ਉਹ ਆਪਣੀ ਉਨਤੀ ਪਰਖ ਸਕਦਾ ਹੈ, ਤੋਲ ਸਕਦਾ ਹੈ, ਆਪਣੀਆਂ ਕਮੀਆਂ ਦੀ ਪਛਾਣ ਕਰ ਸਕਦਾ ਹੈ। ਕਮੀਆਂ ਦਾ ਜਾਨਣਾ ਹੋਰ ਹਿੰਮਤ ਅਤੇ ਮਿਹਨਤ ਲਈ ਤਿਆਰ ਕਰਦਾ ਹੈ।

(ਣ) ਸਾਧਕ ਵਾਸਤੇ ਗੁਰਬਾਣੀ ਸਰਬ ਪੱਖੀ, ਸਰਬਮੁੱਖੀ ਰਹਿਬਰ ਹੈ, ਗੂੜ੍ਹਾ ਅਤੇ ਅਤੀ ਸਿਆਣਾ ਮਿੱਤਰ ਹੈ, ਗੰਭੀਰ ਅਤੇ ਦਾਨਾ ਦਰਸ਼ਨ ਵੇਤਾ ਹੈ।

6. ਉਪਰੋਕਤ ਲਿਖਤ ਵਿੱਚ ਇਹ ਗੁਣਾਂ ਨੂੰ ਦੱਸਣ ਦੇ ਯਤਨ ਵਿੱਚ ਸਿਰ ਤੇ ਭਾਰ ਹੀ ਹੋਇਆ ਹੈ ਕਿਉਂਕਿ ਤੁਛ ਬੁੱਧੀ ਦੀ ਕੈਦੀ ਇੱਕ ਕਲਮ ਕੀ ਗੁਣ ਲਿਖ ਸਕਦੀ ਹੈ ? ਮੁਕਦੀ ਗੱਲ ਹੈ :

"ਵਾਹੁ ਵਾਹੁ ਬਾਣੀ ਨਿਰੰਕਾਰ ਹੈ
ਤਿਸੁ ਜੇਵਡੁ ਅਵਰੁ ਨ ਕੋਇ।।" (ਪੰਨਾ ੫੧੫)

*"ਮੈਂ ਹੋਰ ਧਰਮਾਂ ਦੇ ਮਹਾਨ ਗ੍ਰੰਥਾਂ ਦਾ ਵੀ ਅਧਿਐਨ ਕੀਤਾ ਹੈ ਪਰ ਮਨ ਚਿਤ ਨੂੰ ਟੁੰਬਣ ਵਾਲੀ ਸ਼ਕਤੀ ਜੋ ਇਥੇ (ਗੁਰੂ ਗ੍ਰੰਥ ਸਾਹਿਬ ਵਿੱਚ) ਅਨੁਭਵ ਹੋਈ ਹੈ ਉਹ ਹੋਰ ਕਿਸੇ ਧਾਰਮਕ ਗ੍ਰੰਥ ਵਿੱਚ ਨਹੀਂ ਮਿਲ ਸਕੀ।"*

(ਮਿਸ ਪਰਲ ਬੱਕ ਨੋਬੇਲ ਇਨਾਮ ਜੇਤੂ)

ooooo

## ਉੱਠ ਜਾਗ ਗੁਰੂ ਗੁਰੂ ਕਰ ਮਨ ਪਿਆਰੇ

(ਨਿਰਮਲ ਸਿੰਘ ਥਲੀ ਖੁਰਦ, ਰੋਪੜ)

ਭਿੰਨੀ ਭਿੰਨੀ ਰੈਣ ਪਏ ਚਮਕਣ ਤਾਰੇ।
ਉੱਠ ਜਾਗ ਗੁਰੂ ਗੁਰੂ ਕਰ ਮਨ ਪਿਆਰੇ।
ਧੰਨ ਇਹ ਵੇਲਾ ਐਸੀ ਮਿਲਣੀ ਇਕਾਂਤ ਨਾ।
ਨਾਮ ਤੋਂ ਬਗੈਰ ਵੇ ਤੂੰ ਹੋਣਾ ਮਨਾਂ ਸ਼ਾਂਤ ਨਾ।
ਨੀਂਦ ਨੂੰ ਤਿਆਗ ਲੈ ਲਾ ਨਾਮ ਦੇ ਹੁਲਾਰੇ।
ਉੱਠ ਜਾਗ ਗੁਰੂ ਗੁਰੂ ਕਰ ਮਨ ਪਿਆਰੇ।
ਜਿਹੜੇ ਗੁਰੂ ਪਿਆਰੇ ਅੰਮ੍ਰਿਤ ਵੇਲੇ ਨੂੰ ਸੰਭਾਲਦੇ।
ਦਿਨ-ਰਾਤ ਨਾਮ ਦੀਆਂ ਘਾਲਣਾਂ ਨੇ ਘਾਲਦੇ।
ਉਹਨਾਂ ਤਾਂਈਂ ਗੁਰੂ ਸਾਹਿਬ ਦਿੰਦੇ ਨੇ ਦਿਦਾਰੇ।
ਉੱਠ ਜਾਗ ਗੁਰੂ ਗੁਰੂ ਕਰ ਮਨ ਪਿਆਰੇ।
ਜਪ ਜਪ ਨਾਮ ਐਸੀ ਰੂਹ ਨਸ਼ਿਆਉਂਦੀ ਏ।
ਅਗੰਮ ਦੇ ਸਮੁੰਦਰੀਂ ਇਹ ਟੁੱਭੀ ਜਦ ਲਾਉਂਦੀ ਏ।
ਗੁਰੂ ਗੋਦ ਵਾਲੇ ਤੂੰ ਵੀ ਮਾਣ ਲੈ ਨਜ਼ਾਰੇ।
ਉੱਠ ਜਾਗ ਗੁਰੂ ਗੁਰੂ ਕਰ ਮਨ ਪਿਆਰੇ।
ਮਿਲਣਾ ਨੀ ਮੌਕਾ ਤੈਨੂੰ ਫੇਰ ਦੂਜੀ ਵਾਰ ਵੇ।
ਮਾਇਆ ਵਿੱਚ ਭੁੱਲਕੇ ਨਾ ਵਕਤ ਗੁਜ਼ਾਰ ਵੇ।
ਇੱਥੇ ਰਹਿ ਜਾਣੇ ਤੇਰੇ ਕੰਮ-ਕਾਰ ਸਾਰੇ।
ਉੱਠ ਜਾਗ ਗੁਰੂ ਗੁਰੂ ਕਰ ਮਨ ਪਿਆਰੇ।


www.AKJ.Org

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਮਹਾਨਤਾ

ਸਿੱਖ ਧਰਮ ਦੀ ਸੰਸਾਰ ਨੂੰ ਇੱਕ ਵਿਸ਼ੇਸ਼ ਦੇਣ ਸ੍ਰੀ ਗੁਰੂ ਗ੍ਰੰਥ ਸਾਹਿਬ ਹੈ। ਇਸ *'ਪ੍ਰਗਟ ਗੁਰੂ'* ਦਾ ਸਰੀਰਕ ਤੇ ਵਿਚਾਰਾਤਮਕ ਸਰੂਪ ਕਾਇਮ ਕਰਨ ਵਿੱਚ ਗੁਰੂ ਸਾਹਿਬ ਤੇ ਭਗਤਾਂ ਦੇ ਨਾਲ ਵਿਸ਼ੇਸ਼ ਹਿੱਸਾ ਗੁਰੂ ਅਰਜਨ ਸਾਹਿਬ ਦਾ ਹੈ। ਗੁਰੂ ਸਾਹਿਬ ਨੇ ਹੀ ਇਸ ਮਹਾਨ ਗਰੰਥ ਦੀ ਬੀੜ ਬੰਨ੍ਹੀ। ਜਿਸ ਤਰ੍ਹਾਂ ਆਕਾਸ਼ ਕਲਾਵੇ ਵਿੱਚ ਲੈਣਾ ਕਠਿਨ ਹੈ, ਸੂਰਜ ਦੀ ਦੂਰੀ ਨੂੰ ਗਜ਼ਾਂ ਨਾਲ ਨਹੀਂ ਨਾਪਿਆ ਜਾ ਸਕਦਾ, ਅਥਾਹ ਸਾਗਰ ਦੀ ਡੂੰਘੀ ਤਹਿ ਵਿੱਚੋਂ ਆਬਦਾਰ ਮੋਤੀ ਕੱਢਣੇ ਮੁਸ਼ਕਲ ਹਨ, ਇਸੇ ਤਰ੍ਹਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪਾਵਨ ਪਵਿੱਤਰ ਬਾਣੀ ਵਿੱਚ ਵਾਹਿਗੁਰੂ ਦੀ ਪ੍ਰੇਮਾ ਭਗਤੀ, ਬ੍ਰਹਮ ਗਿਆਨ, ਜੀਵਨ ਦੀਆਂ ਅਟੱਲ ਸਚਿਆਈਆਂ ਅਤੇ ਅਧਿਆਤਮਵਾਦ ਦੇ ਜੋ ਪਰਮ ਤੱਤ ਕਥਨ ਕੀਤੇ ਗਏ ਹਨ, ਉਨ੍ਹਾਂ ਨੂੰ ਕਲਮਬੰਦ ਕਰਨਾ ਅਸੰਭਵ ਹੈ। ਗੁਰੂ ਅਰਜਨ ਦੇਵ ਜੀ ਨੇ ਆਪ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਮਹਾਨਤਾ ਨੂੰ ਮੁੰਦਾਵਣੀ ਦੇ ਸ਼ਬਦ ਵਿੱਚ ਇਸ ਤਰ੍ਹਾਂ ਅੰਕਿਤ ਕੀਤਾ ਹੈ।

ਮੁੰਦਾਵਣੀ ਮਹਲਾ ੫।।
ਥਾਲ ਵਿਚਿ ਤਿੰਨਿ ਵਸਤੂ ਪਈਓ
ਸਤੁ ਸੰਤੋਖੁ ਵੀਚਾਰੋ।।
ਅੰਮ੍ਰਿਤ ਨਾਮੁ ਠਾਕੁਰ ਕਾ ਪਇਓ,
ਜਿਸਕਾ ਸਭਸੁ ਅਧਾਰੋ।।
ਜੇ ਕੋ ਖਾਵੈ ਜੇ ਕੋ ਭੁੰਚੈ,
ਤਿਸ ਕਾ ਹੋਇ ਉਧਾਰੋ।।
ਏਹ ਵਸਤੁ ਤਜੀ ਨਹ ਜਾਈ,
ਨਿਤ ਨਿਤ ਰਖੁ ਉਰਿਧਾਰੋ।।
ਤਮ ਸੰਸਾਰੁ ਚਰਨ ਲਗਿ ਤਰੀਐ,
ਸਭੁ ਨਾਨਕ ਬ੍ਰਹਮ ਪਸਾਰੋ।।੧।। (ਪੰਨਾ ੧੪੨੯)

*'ਮੁੰਦਾਵਣੀ'* ਸ੍ਰੀ ਗੁਰੂ ਗਰੰਥ ਸਾਹਿਬ ਦੀ ਮਹਾਨਤਾ ਦਾ ਐਲਾਨ ਹੈ। ਖੁੱਲੇ ਜਿਹੇ ਰੂਪ ਵਿੱਚ ਇਸ ਐਲਾਨ ਦਾ ਭਾਵ ਇਹ ਹੈ। ਸ੍ਰੀ ਗੁਰੂ ਅਰਜਨ ਸਾਹਿਬ ਫੁਰਮਾਉਂਦੇ ਹਨ ਕਿ-

(੧) ਸੰਸਾਰ ਨੂੰ ਤੀਬਰ ਭੁੱਖ ਲੱਗੀ ਸੀ। ਇਹ ਭੁੱਖ *'ਉਧਾਰ'* ਦੀ ਇੱਛਾ ਦੀ ਸੀ। ਸੰਸਾਰ ਦਾ ਹਰ ਪ੍ਰਾਣੀ ਚਾਹੁੰਦਾ ਹੈ ਕਿ ਉਸ ਦਾ ਉਧਾਰ ਹੋਵੇ, *'ਉਧਾਰ'* ਦਾ ਭਾਵ ਹੈ ਕਿ ਉਹ ਆਪਣੀ ਉੱਚਤਮ ਹੋਣੀ ਤੀਕ ਪੁੱਜ ਸਕੇ, ਜਿਸ ਦੀ ਸੰਭਾਵਨਾ ਉਸ ਵਿੱਚ ਰਖੀ ਗਈ ਹੈ। ਹਰ ਮਨੁੱਖ ਚਾਹੁੰਦਾ ਹੈ ਕਿ ਉਹ ਵੱਧ ਤੋਂ ਵੱਧ ਉੱਨਤੀ ਕਰੇ ਤੇ ਉੱਚੇ ਤੋਂ ਉੱਚਾ ਜਾ ਸਕੇ। ਮਨੁੱਖ ਸਰੀਰਕ, ਪਦਾਰਥਕ, ਆਰਥਕ, ਮਾਨਸਕ, ਬੋਧਿਕ ਤੇ ਆਤਮਿਕ ਉੱਨਤੀ ਚਾਹੁੰਦਾ ਹੈ। ਇਹ ਹੈ *'ਉਧਾਰ'* ਦਾ ਸਿਧਾਂਤ।

(੨) ਪਰ ਸੰਸਾਰ ਵਿੱਚ ਅੰਧੇਰਾ ਤੇ ਅਗਿਆਨਤਾ ਹੈ। ਤਮ *'ਸੰਸਾਰ'* ਹੈ। ਉਸ ਨੂੰ ਪਤਾ ਨਹੀਂ ਕਿ ਉਹ ਆਪਣੀ *'ਉਧਾਰ'* ਦੀ ਭੁੱਖ ਨੂੰ ਕਿਵੇਂ ਦੂਰ ਕਰ ਸਕਦਾ ਹੈ। ਸਾਰੇ ਸੰਸਾਰ ਵਿੱਚ *'ਉਧਾਰ'* ਲਈ ਇੱਛਾ ਹੈ, ਪਰ ਉਸ ਨੂੰ *'ਉਧਾਰ'* ਪ੍ਰਾਪਤੀ ਦੇ ਸਾਧਨਾਂ ਦਾ ਪਤਾ ਨਹੀਂ ਹੈ। ਸਾਰਾ ਸੰਸਾਰ ਅਗਿਆਨਤਾ ਦੇ ਅੰਧੇਰੇ ਵਿੱਚ ਭਟਕ ਰਹਿਆ ਹੈ।

(੩) ਮੈਂ (ਗੁਰੂ ਅਰਜਨ ਸਾਹਿਬ ਦੇ) ਸੰਸਾਰ ਦੀ ਭੁੱਖ (ਉਧਾਰ ਦੀ ਭੁੱਖ) ਦੀ ਤ੍ਰਿਪਤੀ ਲਈ ਇੱਕ ਬਹੁਮੁੱਲੇ ਖਾਣੇ ਦਾ *'ਥਾਲ'* ਥਾਲ ਵਿਚਿ ਤਿੰਨਿ ਵਸਤੂ ਪਈਓ ਪਰੋਸ ਕੇ ਸੰਸਾਰ ਦੇ ਸਾਹਮਣੇ ਰੱਖ ਦਿੱਤਾ ਹੈ। ਇਹ ਥਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਹੈ। ਇਹ ਗਰੰਥ ਸੰਸਾਰ ਦੀ ਭੁੱਖ ਦੂਰ ਕਰ ਸਕਦਾ ਹੈ, ਉਸ ਨੂੰ ਉਧਾਰ ਦਾ ਰਸਤਾ ਦੱਸਦਾ ਹੈ। ਇਸੇ ਥਾਲ ਦੀ, *'ਜੋਤਿ'* ਹੈ ਸਾਰੇ ਗੁਰੂਆਂ ਦੀ *'ਜੋਤਿ'*।

(੪) ਮੇਰਾ ਵਿਸ਼ਵਾਸ਼ ਹੈ (ਗੁਰੂ ਅਰਜਨ ਸਾਹਿਬ ਕਹਿੰਦੇ ਹਨ) ਕਿ ਜੇ ਕੋਈ ਪ੍ਰਾਣੀ ਇਸ ਥਾਲ ਵਿੱਚ ਪਰੋਸੀ ਹੋਈ ਵਸਤੂ ਨੂੰ ਖਾ ਜਾਏ ਅਤੇ ਪਚਾ ਜਾਏ, ਉਸ ਦਾ *'ਉਧਾਰ'* ਜ਼ਰੂਰ ਹੋਵੇਗਾ। ਉਹ ਉੱਚੀ ਤੋਂ ਉੱਚੀ ਅਵਸਥਾ ਤੀਕ ਅਵਸ਼ ਪੁਜੇਗਾ। ਨਾਲ ਮੇਰਾ ਦਾਅਵਾ ਹੈ ਕਿ 'ਏਹ ਵਸਤ ਤਜੀ ਨਹ ਜਾਈ' ਭਾਵ ਸੰਸਾਰ ਦਾ ਕਦੇ *'ਉਧਾਰ'* ਨਹੀਂ ਹੋ ਸਕਦਾ ਜੋ ਉਹ ਉਸ ਮਹਾਨ ਥਾਲ ਵਿੱਚ ਪਰੋਸੀ ਵਸਤੂ ਨੂੰ ਖਾ ਕੇ ਪਚਾ ਨਹੀਂ ਲੈਂਦਾ। ਇਸ ਵਸਤੂ ਦਾ ਤਿਆਗ ਆਪਣੇ ਆਪ ਲਈ ਖਤਰਾ ਮੁੱਲ ਲਏ ਬਿਨਾਂ ਨਹੀਂ ਕਰ ਸਕਦਾ। ਇਹ ਵਸਤੂ ਐਸੀ ਹੈ ਕਿ ਸਦੀਵ ਕਾਲ ਇਸ ਨੂੰ ਅੰਗੀਕਾਰ ਕਰਨਾ ਪਏਗਾ 'ਨਿਤ ਨਿਤ ਰਖੁ ਉਰਿਧਾਰੋ'। ਇਸ ਗਰੰਥ ਦੀ ਚਰਨੀਂ ਲੱਗਣ ਨਾਲ ਹੀ *'ਉਧਾਰ'* ਹੋਣਾ ਹੈ 'ਚਰਨ ਲਗਿ ਤਰੀਐ'।

(੫) ਥਾਲ ਵਿਚ ਪਈ ਵਸਤੂ ਕੀ ਹੈ ? ਗੁਰੂ ਸਾਹਿਬ



www.AKJ.Org

ਦੱਸਦੇ ਹਨ ਕਿ ਇਹ ਖਾਣਾ ਤਿੰਨ ਚੀਜ਼ਾਂ ਦਾ ਤਿਆਰ ਕੀਤਾ ਹੈ। ਸਤ ਦਾ ਵਿਚਾਰ, ਸੰਤੋਖ ਦਾ ਵਿਚਾਰ ਅਤੇ ਅੰਮ੍ਰਿਤ ਨਾਮ ਦਾ ਵਿਚਾਰ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਸੱਚਾਈ, ਸੰਤੋਖੀ ਜੀਵਨ ਅਤੇ ਨਾਮ ਭਗਤੀ ਜੀਵਨ ਦੇ ਵਿਚਾਰ ਦ੍ਰਿੜ ਕਰਾਏ ਹਨ। ਇਹ ਤਿੰਨੇ ਵਿਚਾਰ ਇਸ ਅਸੂਲ ਦੇ ਅਧੀਨ ਹਨ। 'ਸਭੁ ਨਾਨਕ ਬ੍ਰਹਮ ਪਸਾਰੋ' ਸਤੁ, ਸੰਤੋਖ ਤੇ ਨਾਮ ਨੇ ਸੰਸਾਰ ਦਾ ਉਧਾਰ ਕਰਨਾ ਹੈ ਅਤੇ ਉਸ ਦੀ ਭੁੱਖ ਨੂੰ ਤ੍ਰਿਪਤ ਕਰਨਾ ਹੈ। ਇਸ ਭੋਜਨ ਤੋਂ ਬਿਨਾਂ ਸੰਸਾਰ ਰਹਿ ਹੀ ਨਹੀਂ ਸਕਦਾ।

ਇਹ ਹੈ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਮਹਾਨਤਾ ਦਾ ਐਲਾਨ। ਹੁਣ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੀਰਕ ਦਰਸ਼ਨ ਦੀ ਮਹਾਨਤਾ ਵੇਖਣ ਦਾ ਯਤਨ ਕਰਦੇ ਹਾਂ।

ਸੰਸਾਰ ਦੇ ਧਾਰਮਿਕ ਗਰੰਥਾਂ ਵਿਚੋਂ ਇਸ ਗਰੰਥ ਦੀ ਪਦਵੀ, ਸਰੀਰਕ ਸਰੂਪ ਕਰਕੇ ਵੀ, ਵਿਲੱਖਣ ਤੇ ਵਿਸ਼ੇਸ਼ ਹੈ। ਪਹਿਲਾਂ ਇਸ ਵਿਲੱਖਣਤਾ ਤੇ ਵਿਸ਼ੇਸ਼ਤਾ ਦੇ ਦਰਸ਼ਨ ਕਰਦੇ ਹਾਂ।

ਪੁਰਾਤਨ ਸਮਿਆਂ ਵਿੱਚ ਹਿੰਦੁਸਤਾਨ ਵਿੱਚ ਅਨੇਕਾਂ ਗਰੰਥ ਰਚੇ ਗਏ ਸਨ। ਹਿੰਦੁਸਤਾਨ ਤੋਂ ਬਾਹਰ ਸੰਸਾਰ ਵਿੱਚ ਹੀ ਪੁਰਾਤਨ ਸਮੇਂ ਵਿੱਚ ਕਈ ਗਰੰਥ ਰਚੇ ਗਏ ਹਨ। ਵੇਦ, ਗੀਤਾ, ਸ਼ਾਸਤਰ ਆਦਿ ਹਿੰਦੁਸਤਾਨ ਦੇ ਤੇ ਬਾਈਬਲ, ਕੁਰਾਨ ਆਦਿ ਹੋਰ ਸੰਸਾਰ ਦੇ ਗਰੰਥ ਹਨ। ਪਰ ਪਿਛਲੇ ਇੱਕ ਹਜ਼ਾਰ ਵਰ੍ਹਿਆਂ ਵਿੱਚ ਸ੍ਰੀ ਗੁਰੂ ਗਰੰਥ ਸਾਹਿਬ ਦੇ ਪਾਏ ਦਾ ਕੋਈ ਗਰੰਥ ਸੰਸਾਰ ਵਿੱਚ ਨਹੀਂ ਆਇਆ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਵਿਲੱਖਣਤਾ ਤੇ ਵਿਸ਼ੇਸ਼ਤਾ ਇਹ ਹੈ ਕਿ ਗੁਰੂ ਗਰੰਥ ਸਾਹਿਬ ਦੀ ਬਾਣੀ ਬਿਨਾਂ ਕਿਸੇ ਮਜ਼ਬ, ਜ਼ਾਤ ਵਰਣ ਤੇ ਦੇਸ਼ ਕਾਲ ਦੇ ਵਿਤਕਰੇ ਦੇ ਦਰਜ ਕੀਤੀ ਗਈ ਹੈ। ਸੰਸਾਰ ਭਰ ਵਿੱਚ ਐਸਾ ਖੁੱਲ੍ਹ ਦਿਲਾ, ਸਮਾਨਤਾ ਵਾਲੇ ਧਾਰਮਕ ਅਸੂਲ ਕੇਵਲ ਇਸੇ ਗਰੰਥ ਵਿੱਚ ਹੀ ਵਿਦਮਾਨ ਹੈ।

ਇਹ ਸਿਧਾਂਤ ਸਰਬ ਸਾਂਝੇ ਕੌਮੀ ਜੀਵਨ ਦੀ ਨੀਂਵ ਪੱਥਰ ਹੈ। ਇਹ ਸਿੱਖਾਂ ਦੇ ਅਦ੍ਵੈਤਵਾਦ ਦਾ ਪਰਮਾਣ ਹੈ। ਸਿੱਖ ਧਰਮ ਦੇਸ਼ ਕਾਲ ਦੀਆਂ ਹੱਦਾਂ ਨੂੰ ਨਹੀਂ ਮੰਨਦਾ, ਸਗੋਂ ਸਾਰੀ ਮਨੁੱਖਤਾ ਨੂੰ ਇੱਕ ਇਕਾਈ ਸਮਝਦਾ ਹੋਇਆ ਸਾਂਝੀਵਾਲਤਾ ਤੇ ਸਮਾਨਤਾ ਦੀਆਂ ਬੁਨਿਆਦਾਂ ਨੂੰ ਪੱਕਾ ਕਰਦਾ ਹੈ।

ਗੁਰਬਾਣੀ ਦਾ ਸੰਚਯ ਰੂਪ ਸ੍ਰੀ ਗੁਰੂ ਗਰੰਥ ਸਾਹਿਬ ਗੁਰੂਆਂ ਦੇ ਆਪਣੇ ਹੱਥੀਂ ਲਿਖਿਆ ਤੇ ਸੰਭਾਲਿਆ ਹੋਇਆ ਉੱਤਮ ਗਰੰਥ ਹੈ। ਮਜ਼੍ਹਬ ਦੇ ਇਤਿਹਾਸ ਵਿੱਚ ਇਹ ਇੱਕ ਅਸਚਰਜ ਰਚਨਾ ਹੈ। ਮੈਕਾਲਫ ਲਿਖਦਾ ਹੈ- *"ਸਿੱਖ ਧਰਮ, ਜਿਥੋਂ ਤੱਕ ਇਸ ਦੇ ਮੁੱਖ ਸਿਧਾਂਤਾਂ ਦਾ ਸੰਬੰਧ ਹੈ, ਦੂਸਰੇ ਲਗ ਪਗ ਸਾਰੇ ਵੱਡੇ ਧਰਮਾਂ ਦੇ ਸਿਧਾਂਤਾਂ ਨਾਲ ਬਹੁਤ ਭੇਦ ਰੱਖਦਾ ਹੈ। ਸੰਸਾਰ ਵਿੱਚ ਜੋ ਵੱਡੇ ਧਰਮ ਪ੍ਰਚਾਰਕ ਹੋਏ ਹਨ, ਉਨ੍ਹਾਂ ਵਿਚੋਂ ਕੋਈ ਆਪਣੀ ਲਿਖੀ ਹੋਈ ਇੱਕ ਪੰਗਤੀ ਵੀ ਪਿਛੇ ਨਹੀਂ ਛੱਡ ਗਿਆ। ਜੋ ਕੁੱਝ ਉਨ੍ਹਾਂ ਨੇ ਪ੍ਰਚਾਰਿਆ ਹੈ, ਉਸ ਦਾ ਪਤਾ ਸਾਨੂੰ ਜਾਂ ਤੇ ਪ੍ਰਚਲਤ ਰਵਾਇਤਾਂ ਤੋਂ ਲੱਗਦਾ ਹੈ ਜਾਂ ਹੋਰਨਾਂ ਦੀਆਂ ਲਿਖਤਾਂ ਤੋਂ। ਫੈਸਾ ਗੌਰਸ ਨੇ ਜੋ ਕੋਈ ਆਪਣੇ ਸਿਧਾਂਤ ਲਿਖੇ ਹਨ, ਉਹ ਸਾਡੇ ਤੱਕ ਨਹੀਂ ਪਹੁੰਚੇ। ਸੁਕਰਾਤ ਦੀ ਸਿਖਿਆ ਦਾ ਸਾਨੂੰ ਪਤਾ ਕੇਵਲ ਅਫਲਾਤੂਨ ਤੇ ਜ਼ੇਨਾਫਨ Xenophen ਦੀਆਂ ਲਿਖਤਾਂ ਤੋਂ ਹੀ ਲੱਗਦਾ ਹੈ। 'ਬੁੱਧ' ਆਪਣੀ ਸਿਖਿਆ ਦੀ ਯਾਦ ਆਪਣੀ ਕਿਸੇ ਹਾਲਤ ਵਿੱਚ ਨਹੀਂ ਛੱਡ ਗਿਆ। ਪੱਛਮੀ ਲੋਕ ਜਿਸਨੂੰ ਕਨਫਯੂਸਸ ਕਹਿੰਦੇ ਹਨ। ਆਪਣੇ ਪਿਛੇ ਆਪਣੇ ਸਮਾਜਿਕ ਤੇ ਇਖਲਾਕੀ ਸਿਧਾਂਤਾਂ ਬਾਰੇ ਕੋਈ ਲਿਖਤ ਨਹੀਂ ਛੱਡ ਗਿਆ। ਈਸਾਈਅਤ ਦੇ ਬਾਨੀ (ਈਸਾ) ਨੇ ਵੀ ਆਪਣੇ ਸਿਧਾਂਤਾਂ ਨੂੰ ਕਿਸੇ ਲਿਖਤ ਵਿੱਚ ਨਹੀਂ ਪੇਸ਼ ਕੀਤਾ, ਉਨ੍ਹਾਂ ਸੰਬੰਧੀ ਵੀ ਸਾਨੂੰ ਮੈਥੀਊ, ਮਾਰਕ ਲੂਕ ਅਤੇ ਜੌਹਨ ਦੀਆਂ ਲਿਖਤਾਂ ਤੇ ਹੀ ਭਰੋਸਾ ਕਰਨਾ ਪੈਂਦਾ ਹੈ। ਅਰਬ ਦੇ ਪੈਗੰਬਰ (ਮੁਹੰਮਦ) ਨੇ ਵੀ ਕੁਰਾਨ ਦੇ ਸਿਪਾਰਿਆਂ ਨੂੰ ਆਪਣੀ ਕਲਮ ਨਾਲ ਨਹੀਂ ਲਿਖਿਆ ਸਗੋਂ ਉਹ ਉਸਦੇ ਖਲੀਫਿਆਂ ਜਾਂ ਨਾਮ ਲੇਵਾ ਨੇ ਹੀ ਲਿਖਿਆ ਜਾਂ ਇਕੱਤ੍ਰ ਕੀਤਾ ਹੈ। ਪਰੰਤੂ ਸਿੱਖ ਗੁਰੂਆਂ ਦੀ ਬਾਣੀ ਉਹਨਾਂ ਦੀ ਆਪਣੀ ਲਿਖੀ ਹੋਈ ਤੇ ਸੰਭਾਲੀ ਹੋਈ ਮਿਲਦੀ ਹੈ, ਅਤੇ ਜੋ ਕੁੱਝ ਸਿਖਿਆ ਉਨ੍ਹਾਂ ਨੇ ਦਿੱਤੀ ਹੈ, ਉਸ ਦਾ ਪਤਾ ਸਾਨੂੰ ਉਹਨਾਂ ਦੀ ਆਪਣੀ ਲਿਖਤ ਤੋਂ ਹੀ ਲੱਗਦਾ ਹੈ।"*

ਕੁੱਝ ਕੁ ਮਨੌਤਾਂ ਅਨੁਸਾਰ ਚਾਰ ਵੇਦ, ਬ੍ਰਹਮਾ ਦਾ ਗਿਆਨ ਜਾਂ ਰਿਸ਼ੀਆਂ ਦਾ ਅਨੁਭਵ ਮੰਨੇ ਜਾਂਦੇ ਹਨ। ਇਬਰਾਨੀ ਮਤਾਂ ਅਨੁਸਾਰ ਤੌਰੇਤ ਮੂਸਾ, ਅੰਜੀਲ ਈਸਾ ਅਤੇ ਕੁਰਾਨ ਮੁਹੰਮਦ ਤੇ ਨਾਜ਼ਲ ਹੋਇਆ ਮੰਨਿਆ ਜਾਂਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਅਕਾਸ਼ ਵਿਚੋਂ ਆਈ ਹੋਈ ਬਾਣੀ ਜਾਂ ਫਰਿਸ਼ਤਿਆਂ ਰਾਹੀਂ ਨਾਜ਼ਲ ਹੋਈ ਕਲਾਮ ਨਹੀਂ ਬਲਕਿ ਸਤਿਗੁਰਾਂ, ਸੰਤਾਂ ਅਤੇ ਭਗਤਾਂ ਦੀਆਂ ਆਤਮਾਵਾਂ ਦਾ ਵਾਹਿਗੁਰੂ ਨਾਲ ਇਕਮਿਕ, ਇੱਕ ਸੁਰ ਤੇ ਲੀਨ ਹੋ ਕੇ ਪ੍ਰਾਪਤ ਕੀਤਾ


www.AKJ.Org

ਹੋਇਆ ਗਿਆਨ ਤੇ ਅਨੁਭਵ ਹੈ। ਗੁਰਬਾਣੀ ਗਿਆਨ ਵਾਹਿਗੁਰੂ ਦਾ ਹੈ, ਇਸ ਦਾ ਪ੍ਰਕਾਸ਼ ਕਈ ਹਿਰਦਿਆਂ ਵਿੱਚ ਹੋਇਆ ਹੈ। *ਜਿਹਾ ਡਿਠਾ ਮੈਂ ਤੇਹੋ ਕਿਹਾ* ਦਾ ਸਬੂਤ ਹੈ। ਗੁਰਬਾਣੀ ਵੇਦਾਂ, ਉਪਨਿਸ਼ਦਾਂ ਚਾਰ ਕਿਤਾਬਾਂ ਤੌਰੇਤ, ਜੰਬੂਰ, ਅੰਜੀਲ ਅਤੇ ਕੁਰਾਨ ਤੋਂ ਪਿਛੋਂ ਲਿਖੀ ਗਈ ਹੈ, ਪਰ ਸਭ ਤੋਂ ਵਧੀਕ ਸਾਇੰਟੇਫਿਕ ਅਤੇ ਮੁਕੰਮਲ ਹੈ।

ਸ੍ਰੀ ਗੁਰੂ ਗਰੰਥ ਸਾਹਿਬ ਵਿੱਚ ਹਿੰਦੁਸਤਾਨ ਦੀਆਂ ਵਰਤਮਾਨ ਬੋਲੀਆਂ ਨੂੰ ਸਣੇ ਅਰਬੀ ਤੇ ਫਾਰਸੀ ਦੀ ਪ੍ਰਤੀਨਿਧਤਾ ਪ੍ਰਾਪਤ ਹੈ। ਸਗੋਂ ਇਸ ਮਹਾਨ ਗੁਰਬਾਣੀ ਤੇ ਭਗਤ ਬਾਣੀ ਸੰਗ੍ਰਹਿ ਵਿਚੋਂ ਪਿਛਲੇ ੬੦੦ ਸਾਲ ਵਿੱਚ ਬੋਲੀਆਂ ਦੇ ਹੋਏ ਵਿਕਾਸ ਤੇ ਉਹਨਾਂ ਵਿੱਚ ਹੋਏ ਪ੍ਰੀਵਰਤਨ ਨੂੰ ਵੀ ਸਮਝਿਆ ਜਾ ਸਕਦਾ ਹੈ। ਬੋਲੀਆਂ ਦੀ ਵਰਤੋਂ ਵਿੱਚ ਸਿੱਖ ਗੁਰੂਆਂ ਦਾ ਦ੍ਰਿਸ਼ਟੀਕੋਨ ਗੈਰ ਫਿਰਕਾਦਾਨਾ ਰਹਿਆ ਹੈ ਉਹਨਾਂ ਸਾਰੀਆਂ ਬੋਲੀਆਂ ਨੂੰ ਸਤਿਕਾਰਿਆ ਹੈ। ਸਿੰਧੀ, ਮਰਾਠੀ, ਬ੍ਰਿਜ, ਹਿੰਦੀ, ਸੰਸਕ੍ਰਿਤ, ਪ੍ਰਾਕ੍ਰਿਤ, ਅਪਭ੍ਰੰਸ, ਅਰਬੀ, ਫਾਰਸੀ, ਬੋਲੀਆਂ ਦੇ ਸ਼ਬਦ ਇਥੇ ਇਕੋ ਜਿੰਨੇ ਸਤਿਕਾਰੇ ਹੋਏ ਹਨ। ਨਿਰਸੰਦੇਹ ਪੰਜਾਬੀ ਦੀ ਮਾਤਰਾ ਵੱਧ ਹੋਣੀ ਸੀ ਜਾਂ ਘਟੋ ਘੱਟ ਇਸ ਦੀ ਬੋਲੀ ਦੇ ਮੁਹਾਵਰੇ ਦਾ ਪਰਮੁਖ ਰੂਪ ਪੰਜਾਬੀ ਹੀ ਹੈ। ਪਰ ਸਪੱਸ਼ਟ ਹੈ ਕਿ ਇਸ ਧਰਮ ਗ੍ਰੰਥ ਦਾ ਦੂਜੀਆਂ ਬੋਲੀਆਂ ਨਾਲ ਸਮਾਨਤਾ ਦਾ ਵਰਤਾਉ ਹੈ। ਇਹ ਗਰੰਥ ਭਾਰਤ ਦੇ ਹਰ ਸੂਬੇ ਵਿੱਚ ਸਮਝਿਆ ਜਾ ਸਕਦਾ ਹੈ। ਮਿਸਟਰ ਟਰੰਪ ਗੁਰੂ ਗਰੰਥ ਸਾਹਿਬ ਨੂੰ ਭਾਰਤੀ ਜ਼ਬਾਨਾਂ ਦਾ ਖਜ਼ਾਨਾ ਕਹਿੰਦਾ ਹੈ।

ਸ੍ਰੀ ਗੁਰੂ ਗਰੰਥ ਸਾਹਿਬ ਦੀ ਸਾਰੀ ਬਾਣੀ ੩੧ ਪੁਰਾਤਨ ਭਾਰਤੀ ਤੇ ਗੈਰ ਭਾਰਤੀ ਸਨਾਤਨ ਤੇ ਦੇਸੀ ਰਾਗਾਂ ਵਿੱਚ ਹੈ। ਇਹਨਾਂ ਰਾਗਾਂ ਦੁਆਰਾ ਸਿੱਖ ਧਰਮ ਦੀ ਸਾਰੇ ਭਾਰਤੀਆਂ ਨਾਲ ਸਾਂਝ ਬਣੀ ਹੋਈ ਹੈ। ਉਹ ਇਹ ਸਾਰੇ ਰਾਗ ਗਾਉਂਦੇ ਹਨ ਅਤੇ ਇਹਨਾਂ ਰਾਗਾਂ ਵਿੱਚ ਕੁੱਝ ਰਾਗ ਐਸੇ ਹਨ ਜੋ ਸਾਰੇ ਭਾਰਤੀਆਂ ਨੂੰ ਪ੍ਰਿਆ ਹਨ, ਮੌਸਮੀ ਰਾਗ ਹੋਣ ਕਰਕੇ ਜਿਵੇਂ ਕਿ ਬਸੰਤ, ਮਲਾਰ ਤੇ ਸਾਰੰਗ। ਕੁੱਝ ਰਾਗ ਐਸੇ ਹਨ ਜੋ ਵਿਸ਼ੇਸ਼ ਧਰਮਾਂ ਜਾਂ ਫਿਰਕਿਆਂ ਦੇ ਪ੍ਰਿਅ ਰਾਗ ਹਨ। ਤਿਲੰਗ ਤੇ ਆਸਾ ਮੁਸਲਮਾਨਾਂ ਦੇ ਪ੍ਰਿਅ ਰਾਗ ਹਨ। ਸਿੱਖ ਇਹਨਾਂ ਸਾਰੇ ਰਾਗਾਂ ਨੂੰ ਇੱਕ ਸਮਾਨ ਪਿਆਰ ਕਰਦੇ ਹਨ ਅਤੇ ਸਾਰੀ ਮਨੁੱਖਤਾ ਨਾਲ ਆਪਣੀ ਸਾਂਝ ਬਣਾਂਦੇ ਹਨ।

ਰਾਗ ਦਾ ਗਾਇਨ ਆਪਣੇ ਵਿੱਚ ਵੀ ਕੌਮ ਨੂੰ ਵੱਧ ਸਭਿਆਚਾਰਕ ਤੇ ਕੋਮਲ ਭਾਵਕਤਾ ਵਾਲਾ ਬਣਾਂਦਾ ਹੈ। ਪੰਜਾਬੀਆਂ 'ਚ ਰਾਗ ਦਾ ਰਿਵਾਜ਼ ਘੱਟ ਹੈ, ਕੀਰਤਨ ਦਾ ਵੱਧ, ਪਰ ਜਿੰਨਾਂ ਵੀ ਹੈ, ਉਸ ਵਿੱਚ ਸ੍ਰੀ ਗੁਰੂ ਗਰੰਥ ਸਾਹਿਬ ਦਾ ਬੜਾ ਭਾਗ ਹੈ। ਇਹ ਤਜਰਬਾ ਵੀ ਸਿੱਖ ਲਈ ਬੜਾ ਲਾਭਦਾਇਕ ਸਿੱਧ ਹੋਇਆ ਹੈ ਕਿ ਕੇਵਲ ਰਾਗ ਅਲਾਪ ਦੀ ਥਾਂ *"ਕੀਰਤਨ"* ਨੂੰ ਦੇ ਦਿੱਤੀ ਜਾਏ, ਜਿਥੇ ਰਾਗ ਦੀ ਕੋਮਲਤਾ ਵਿੱਚ ਸ਼ੁੱਭ ਵਿਚਾਰ ਤੇ ਭਾਵ ਵੀ ਸਰੋਤਿਆਂ ਨੂੰ ਮਿਲਣ। ਇਸ ਲਈ *"ਕੀਰਤਨ"* ਸਿੱਖਾਂ ਦੀ ਵਿਸ਼ੇਸ਼ਤਾ ਹੈ।

ਗੁਰੂ ਗਰੰਥ ਸਾਹਿਬ ਜੀ ਨਿਰਾ ਆਕਾਰ ਦੇ ਲਿਹਾਜ਼ ਨਾਲ ਹੀ ਨਹੀਂ ਸਗੋਂ ਵਸਤੂ ਦੇ ਲਿਹਾਜ ਨਾਲ ਵੀ ਇੱਕ ਲਾਸਾਨੀ, ਮਹਾਨ ਤੇ ਉੱਤਮ ਗਰੰਥ ਹੈ। ਜਿਸ ਵਿੱਚ ਜਿੰਦਗੀ ਦੀ ਸਾਇੰਸ ਬਾਰੇ ਹਰ ਪਹਿਲੂ ਉਤੇ ਰੌਸ਼ਨੀ ਦਿੱਤੀ ਗਈ ਹੈ। ਜਿਥੇ ਸੰਸਾਰ ਦੇ ਹੋਰ ਧਾਰਮਕ ਗਰੰਥ ਅੰਧ ਵਿਸ਼ਵਾਸ਼ੀ ਯੁਗ ਦੇ ਬੇਜਾਨ ਕਰਮ ਕਾਂਡ ਤੇ ਫਾਲਤੂ ਕਿੱਸੇ ਕਹਾਣੀਆਂ ਨਾਲ ਭਰੇ ਹੋਏ ਹਨ, ਇਸ ਦੇ ਉਲਟ ਗੁਰੂ ਗਰੰਥ ਸਾਹਿਬ ਵਿੱਚ ਜੀਵਨ ਸਿਧਾਂਤਾਂ ਉਤੇ ਵੀਚਾਰ ਕੀਤੀ ਗਈ ਹੈ। ਜਿਉਂ ਜਿਉਂ ਸਾਇੰਸ ਦਾ ਯੁਗ ਆ ਰਿਹਾ ਹੈ। ਗੁਰਬਾਣੀ ਦੀਆਂ ਕਈ ਤੁਕਾਂ ਜਿਹਾ ਕਿ 'ਪਹਿਲਾ ਪਾਣੀ ਜੀਉ ਹੈ', 'ਸਸ ਘਰ ਸੂਰ ਸਮਾਵੈ', 'ਪਾਤਾਲ ਪਾਤਾਲ ਲਖ ਆਗਾਸ ਆਗਾਸ' ਆਦਿ ਦੀ ਸਾਇੰਸਦਾਨਾਂ ਨੂੰ ਸਮਝ ਪੈ ਰਹੀ ਹੈ।

ਸ੍ਰੀ ਗੁਰੂ ਗਰੰਥ ਸਾਹਿਬ ਦੀ ਸਭ ਤੋਂ ਵੱਡੀ ਵਿਸ਼ੇਸ਼ਤਾ ਇਹ ਹੈ ਕਿ ਇਹ ਕੇਵਲ ਗਰੰਥ ਨਹੀਂ ਸਗੋਂ ਸਿੱਖਾਂ ਦਾ ਪੂਜਨੀਕ ਗੁਰੂ ਵੀ ਹੈ। ਸਾਰੇ ਸੰਸਾਰ ਵਿੱਚ ਜਿੱਥੇ ਵੀ ਕੋਈ ਗੁਰੂ ਨਾਨਕ ਨਾਮ ਲੇਵਾ ਬੈਠਾ ਹੈ, ਉਹ ਗੁਰੂ ਗ੍ਰੰਥ ਸਾਹਿਬ ਨੂੰ ਸਵੇਰੇ ਤੇ ਸ਼ਾਮ ਆਪਣਾ ਮਸਤਕ ਝੁਕਾ ਕੇ, ਗੁਰੂ ਹੁਕਮਾਂ ਤੇ ਚੱਲਣ ਦਾ ਪ੍ਰਣ ਲੈਂਦਾ ਹੈ। ਸੰਸਾਰ ਦੇ ਕਿਸੇ ਵੀ ਹੋਰ ਗਰੰਥ ਨੂੰ *'ਗੁਰੂ'* ਦੀ ਪਦਵੀ ਪ੍ਰਾਪਤ ਨਹੀਂ ਹੋਈ।

ਸਾਡੇ ਸਾਬਕ ਰਾਸ਼ਟਰਪਤੀ ਅਤੇ ਸੰਸਾਰ ਪ੍ਰਸਿੱਧ ਫਿਲਾਸਫਰ ਡਾਕਟਰ ਰਾਧਾ ਕਿਸ਼ਨ ਯੂਨੈਸਕੋ ਵਲੋਂ ਪ੍ਰਕਾਸ਼ਤ ਕੀਤੀ ਗਈ ਗੁਰਬਾਣੀ ਦੇ ਪੰਜ ਸੌ ਸ਼ਬਦਾਂ ਦੀ ਪੁਸਤਕ *'ਸਿੱਖਾਂ ਦੀਆਂ ਪਵਿੱਤਰ ਲਿਖਤਾਂ'* (Sacred writings of the sikhs) ਭੂਮਿਕਾ ਵਿੱਚ ਲਿਖਦੇ ਹਨ।

"ਸ੍ਰੀ ਗੁਰੂ ਗਰੰਥ ਸਾਹਿਬ ਦੀਆਂ ਅਟੱਲ ਸਚਿਆਈਆਂ ਅਤੇ ਅਤੁੱਟ ਭਗਤੀ ਤੇ ਸਾਹਮਣੇ ਸਮੁੰਦਰਾਂ ਅਤੇ ਪਹਾੜਾਂ ਦੇ ਸਾਰੇ ਹਦ ਬੰਨੇ ਜੋ ਇੱਕ


www.AKJ.Org

ਦੇਸ਼ ਨੂੰ ਦੂਜੇ ਨਾਲੋਂ ਵੱਖ ਕਰਦੇ ਹਨ, ਹਟ ਜਾਣਗੇ।"

ਪ੍ਰੋਫੈਸਰ ਪੂਰਨ ਸਿੰਘ ਸ੍ਰੀ ਗੁਰੂ ਗਰੰਥ ਸਾਹਿਬ ਬਾਰੇ ਆਪਣੀ ਇੱਕ ਕਵਿਤਾ ਵਿੱਚ ਇਸ ਤਰ੍ਹਾਂ ਲਿਖਦੇ ਹਨ-

*"ਅਸੀਂ ਸਾਰਾ ਸੰਸਾਰ ਸੱਚ ਦੀ ਖੋਜ ਲਈ ਢੂੰਡ ਮਾਰਿਆ। ਅਸਾਂ ਇਧਰੋ ਉਧਰੋਂ ਚੰਗੀ ਤੋਂ ਚੰਗੀ ਪਵਿੱਤਰ ਅਰ ਸੋਹਣੀ ਵਸਤੂ ਚੁਣ ਲਿਆਂਦੀ, ਪੁਰਾਣੇ ਪੱਥਰਾਂ ਉੱਤੇ ਉੱਕਰੇ ਬਚਨ, ਭੋਜ ਪੱਤਰਾਂ ਉੱਤੇ ਲਿਖੇ ਉੱਤਮ ਵਾਕ ਬੜੇ ਬੜੇ ਖੋਜੀਆਂ ਤੋਂ ਇਕੱਤ੍ਰ ਕੀਤੇ। ਉਸ ਦੇ ਭਾਵ ਨਾਲ ਪੁਰਾਣੇ ਰਿਸ਼ੀਆਂ ਮੁਨੀਆਂ ਅਵਤਾਰਾਂ ਪੈਗੰਬਰਾਂ ਨੇ ਜੋ ਜੋ ਅਨੁਭਵ ਤੇ ਗਿਆਨ ਦੇ ਮੋਤੀ ਬਖਸ਼ੇ, ਲਦੇ ਹੋਏ ਅਸੀਂ ਵਾਪਸ ਮੁੜੇ ਤਾਂ ਪਤਾ ਲੱਗਾ ਕਿ ਉਹ ਸਾਰਾ ਅਮੋਲਕ ਭੰਡਾਰਾ, ਸੁੱਚੇ ਹੀਰੇ ਰਤਨਾਂ ਦੇ ਜਵਾਹਰਾਤ ਦਾ ਖਜ਼ਾਨਾ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀ ਗੁਰਬਾਣੀ ਅੰਦਰ ਭਰਿਆ ਪਿਆ ਹੈ, ਜਿਸ ਦਾ ਪਾਠ ਅਸੀਂ ਆਪਣੀ ਮਾਤਾ ਜੀ ਤੋਂ ਸੁਣਿਆ ਕਰਦੇ ਸੀ।"*

ਅਮਰੀਕਾ ਦੀ ਪ੍ਰਸਿੱਧ ਲੇਖਕ ਤੇ ਨੋਬਲ ਇਨਾਮ ਪ੍ਰਾਪਤ ਕਰਨ ਵਾਲੀ ਇਸਤਰੀ ਸ੍ਰੀ ਮਤੀ ਪਰਲਬਕ ਨੇ ਸ੍ਰੀ ਗੁਰੂ ਗਰੰਥ ਸਾਹਿਬ ਦਾ ਅੰਗਰੇਜ਼ੀ ਅਨੁਵਾਦ ਪੜ੍ਹ ਕੇ ਜੋ ਰਾਏ ਲਿਖੀ ਹੈ, ਉਸ ਵਿਚੋਂ ਕੁੱਝ ਸਤਰਾਂ ਇਸ ਪ੍ਰਕਾਰ ਹਨ :-

*"ਸ੍ਰੀ ਗੁਰੂ ਗਰੰਥ ਸਾਹਿਬ ਭਾਵਾਂ ਤੇ ਵਿਚਾਰਾਂ ਦਾ ਮੂਲ ਸੋਮਾ ਹੈ। ਇਸ ਵਿੱਚ ਮਨੁੱਖ ਦੀ ਰੂਹ ਦੀ ਇਕੱਲਤਾ ਦਾ ਪ੍ਰਗਟਾਵਾ ਹੈ। ਜੋ ਉਸ ਦੀਆਂ ਧੁਰ ਅੰਦਰ ਦੀਆਂ ਲੋਚਾਵਾਂ ਤੇ ਤਾਂਘਾਂ ਦਾ, ਉਸਦੀ ਰੱਬ ਵੱਲ ਝੀਣੀ ਪੁਕਾਰ ਦਾ ਤੇ ਉਸ ਦੀ ਰੱਬ ਨਾਲ ਇੱਕ ਸੁਰ ਹੋਣ ਦੀ ਤਰਾਣ ਅਤੇ ਭੁੱਖ ਦਾ।"*

*"ਮੈਂ ਬਾਕੀ ਮਹਾਨ ਧਰਮਾਂ ਦੀਆਂ ਧਰਮ ਪੁਸਤਕਾਂ ਪੜ੍ਹੀਆਂ ਹਨ। ਪਰ ਮੇਰੇ ਦਿਲ ਅਤੇ ਦਿਮਾਗ ਤੇ ਜੋ ਸ਼ਕਤੀਸ਼ਾਲੀ ਪ੍ਰਭਾਵ ਸ੍ਰੀ ਗੁਰੂ ਗਰੰਥ ਸਾਹਿਬ ਨੇ ਪਾਇਆ ਹੈ, ਉਹ ਮੈਨੂੰ ਹੋਰ ਕਿਤੋਂ ਨਹੀਂ ਲਭਿਆ। ਸ੍ਰੀ ਗੁਰੂ ਗਰੰਥ ਸਾਹਿਬ ਦਾ ਆਕਾਰ ਵੱਡਾ ਹੈ, ਪਰ ਉਸ ਵਿੱਚ ਭਾਵ ਦੀ ਏਕਤਾ ਹੈ ਤੇ ਉਸ ਵਿਚੋਂ ਮਨੁੱਖੀ ਦਿਲ ਦੀ ਧੁਰ ਡੂੰਘਾਈ ਤੇ ਵਿਸ਼ਾਲਤਾ ਦੀ ਧਾਰ ਪੈਂਦੀ ਹੈ ਜੋ ਰੱਬ ਦੇ ਪਵਿੱਤਰ ਤੋਂ ਪਵਿੱਤਰ ਤੇ ਅਗੰਮ ਤੋਂ ਅਗੰਮ ਚਿਤਰ ਤੋਂ ਲੈ ਕੇ ਮਨੁੱਖੀ ਸਰੀਰ ਦੀਆਂ ਵਕਤੀ ਲੋੜਾਂ ਤੀਕ ਸਭ ਕੁੱਝ ਨੂੰ ਆਪਣੇ ਕਲਾਵੇ ਵਿੱਚ ਲਈ ਬੈਠਾ ਹੈ।"*

ਪ੍ਰੋਫੈਸਰ ਆਰਨਲਡ ਟਾਇਨਬੀ ਇੰਗਲੈਂਡ ਦੇ ਮਸ਼ਹੂਰ ਲੇਖਕ ਤੇ ਇਤਹਾਸਕਾਰ ਗੁਰੂ ਗਰੰਥ ਸਾਹਿਬ ਬਾਰੇ ਆਪਣੇ ਵਿਚਾਰ ਇਸ ਤਰ੍ਹਾਂ ਪ੍ਰਗਟ ਕਰਦੇ ਹਨ-

*"ਭਾਵੇਂ ਇਨਸਾਨੀ ਧਰਮ ਦਾ ਭਵਿੱਖ ਹਨ੍ਹੇਰੇ ਵਿੱਚ ਹੈ, ਫਿਰ ਵੀ ਇੱਕ ਗੱਲ ਵੇਖੀ ਜਾ ਸਕਦੀ ਹੈ, ਉਹ ਇਹ ਹੈ ਕਿ ਮੌਜੂਦਾ ਵੱਡੇ ਧਰਮ ਇੱਕ ਦੂਜੇ ਉੱਤੇ ਪਹਿਲੇ ਨਾਲੋਂ ਵਧੇਰੇ ਅਸਰ ਪਾਉਣਗੇ, ਕਿਉਂ ਜੋ ਅੱਜ ਕਲ੍ਹ ਦੁਨੀਆਂ ਦੇ ਹਰ ਹਿੱਸੇ ਵਿੱਚ ਆਵਾਜਾਈ ਦੇ ਸਾਧਨ ਅਤੇ ਲੋਕਾਂ ਦੇ ਆਪਸ ਦੇ ਵਿਚਾਰ ਜਾਂ ਗੱਲਬਾਤ ਵਿੱਚ ਸਿੱਖ ਧਰਮ ਅਤੇ ਉਸ ਦਾ ਧਰਮ ਗਰੰਥ ਗੁਰੂ ਗਰੰਥ ਸਾਹਿਬ ਬਾਕੀ ਦੁਨੀਆਂ ਨੂੰ ਇੱਕ ਖਾਸ ਵਡਮੁੱਲੀ ਚੀਜ਼ ਭੇਟਾ ਕਰੇਗਾ ਕਿਉਂਕਿ ਇਸ ਦਾ ਖਜ਼ਾਨਾ ਆਤਮਕ ਸ਼ਾਂਤੀ ਦਾ ਅਮੁੱਕ ਸੋਮਾ ਹੈ।"*

(ਸਿੱਖ ਮਿਸ਼ਨਰੀ ਕਾਲਜ (ਰਜਿ:) ਲੁਧਿਆਣਾ) ♦♦♦♦♦

## ਗੁਰਮਤਿ ਰਮਜ਼ਾਂ (ਭਾਈ ਸਾਹਿਬ ਰਣਧੀਰ ਸਿੰਘ ਜੀ)

**ਆਤਮਕ ਰਸ ਤੇ ਮਾਨਸਕ ਰਸ :** ਆਤਮ ਰਸ ਆਇਆਂ ਹੀ ਵਿਸਮਾਦ ਰਸ ਦੀ ਲੱਖਤਾ ਹੁੰਦੀ ਹੈ। ਆਤਮ ਰਸ ਵਿੱਚ ਹੀ ਵਿਸਮਾਦ ਰਸ ਅੰਤਰਿ ਆਤਮੇ ਹੀ ਜਾਣਿਆ ਜਾ ਸਕਦਾ ਹੈ। ਉਸ ਤੋਂ ਉਰੇ ਮਾਨਸਿਕ ਰਸ ਹਨ, ਜੋ ਮਨ ਦੁਆਰਾ ਹੀ ਮਾਣੇ ਜਾ ਸਕਦੇ ਹਨ। ਪਰ ਇਹ ਸਭ ਆਨ-ਰਸ ਹੋਛੇ ਰਸ ਹਨ, ਇਹਨਾਂ ਵਿੱਚ ਵਿਸਮਾਦ ਦੀ ਝਲਕ ਨਹੀਂ।

**ਆਤਮਕ ਜੀਵਨ ਬੁਧੀ ਦੀ ਖੇਡ ਨਹੀਂ :** ਆਤਮ ਜੀਵਨ ਨੂੰ ਅਕਸਰ ਲੋਕੀ ਦਿਮਾਗੀ (Intellectual) ਖੇਡ ਬਣਾਇਆ ਲੋੜਦੇ ਹਨ, ਪਰ ਰੂਹਾਨੀਅਤ (spiritualism) ਦੇ ਗੂੜ੍ਹ ਆਤਮਿਕ ਭੇਦ ਨੂੰ ਸਮਝਣ ਲਈ ਨਿਰਾ ਮਾਨਸਿਕ ਸ਼ਕਤੀ ਤੇ ਬੁਧੀ ਬਲ (intellectualism) ਦੁਆਰਾ ਕਿਵੇਂ ਤਸੱਲੀ ਹੋ ਸਕਦੀ ਹੈ। ਐਵੇਂ ਦਿਲ-ਪ੍ਰਚਾਵਾ ਹੀ ਹੈ। ਮਾਨਸਿਕ ਵਿਦਿਆ ਦੇ ਟੀਸੀ ਦੇ ਵਿਦਵਾਨ ਭੀ ਆਤਮਾ ਦੀ ਪ੍ਰਮਾਰਥਿਕ ਕਥਾ (divinity) ਨੂੰ ਅਧਿਆਤਮਕ ਤੇ ਦਾਰਸ਼ਨਿਕ ਵਿਆਖਿਆ (ਅਰਥਾਤ ਫਿਲਾਸਫੀ) ਦੁਆਰਾ ਗਾਖ ਨਹੀਂ ਸਕਦੇ। ਪਰਮ ਆਤਮਿਕ ਨੌਈਅਤ ਗਾਖਣ (ਖੋਜਣ) ਪਰਖਣ ਲਈ ਅੱਧਿਆਤਮਕ ਤੇ ਮਾਨਸਕ ਬੁਧੀ ਵਾਲੀਆਂ ਅਲਪੱਗ ਕਸੌਟੀਆਂ ਲਾਉਣਾ ਬਹੁਤ ਅਨੁਚਿਤ ਹੈ।



www.AKJ.Org

# ਸ੍ਰੀ ਗੁਰੂ ਰਾਮਦਾਸ ਜੀ ਦਾ ਉਪਦੇਸ਼

ਡਾ: ਪਰਮਜੀਤ ਕੌਰ, ਗੁਰੂ ਨਾਨਕ ਗਰਲਜ਼ ਕਾਲਜ, ਯਮੁਨਾ ਨਗਰ (ਹਰਿਆਣਾ)

ਨਿਮ੍ਰਤਾ ਦੇ ਪੁੰਜ, ਸਾਂਝੀਵਾਲਤਾ ਦੀ ਮਿਸਾਲ ਅਤੇ 'ਜੋ ਹਰਿ ਕਾ ਪਿਆਰਾ ਸੋ ਸਭਨਾ ਕਾ ਪਿਆਰਾ' ਦੇ ਆਦਰਸ਼ ਨੂੰ ਦ੍ਰਿੜ੍ਹ ਕਰਵਾਉਣ ਵਾਲੇ ਸ੍ਰੀ ਗੁਰੂ ਰਾਮਦਾਸ ਜੀ ਦੀ ਬਾਣੀ ਅਗਿਆਨਤਾ ਦੇ ਹਨ੍ਹੇਰੇ ਵਿੱਚ ਕੁਰਾਹੇ ਪਈ ਮਨੁੱਖਤਾ ਲਈ ਚਾਨਣ ਮੁਨਾਰਾ ਹੈ।

ਮਾਇਆ ਮੋਹ ਭਰੇ ਸੰਸਾਰ ਵਿਚ ਲੋਭ ਦੇ ਅਧੀਨ ਹੋਏ ਮਨੁੱਖਾਂ ਲਈ ਜੀਵਨ ਦਾ ਰਸਤਾ ਬੜਾ ਔਖਾ ਤੇ ਦੁੱਖ ਪੂਰਨ ਹੋ ਜਾਂਦਾ ਹੈ। ਇਸ ਕਲਯੁੱਗ ਵਿੱਚ ਜੇ ਕੋਈ ਵਿਕਾਰਾਂ ਦੇ ਜਾਲ ਵਿਚੋਂ ਨਿਕਲਣਾ ਚਾਹੁੰਦਾ ਹੋਵੇ ਤਾਂ ਉਹ ਮੁਕਤੀ ਕਿਵੇਂ ਪ੍ਰਾਪਤ ਕਰ ਸਕਦਾ ਹੈ ? ਦਿਨੋਂ ਦਿਨ ਵੱਧਦੀ ਮਾਨਸਿਕ ਅਸ਼ਾਂਤੀ ਨੂੰ ਕਿਵੇਂ ਦੂਰ ਕੀਤਾ ਜਾ ਸਕਦਾ ਹੈ ? ਇਸ ਜਵਲੰਤ ਸਮੱਸਿਆ ਦਾ ਹੱਲ ਕਰਦੇ ਹੋਏ ਸ੍ਰੀ ਗੁਰੂ ਰਾਮਦਾਸ ਜੀ ਫੁਰਮਾਉਂਦੇ ਹਨ –

(ੳ) ਕਲਿਜੁਗ ਕਾ ਧਰਮੁ ਕਹਹੁ ਤੁਮ ਭਾਈ
ਕਿਵ ਛੂਟਹ ਹਮ ਛੁਟਕਾਕੀ॥
ਹਰਿ ਹਰਿ ਜਪੁ ਬੇੜੀ ਹਰਿ ਤੁਲਹਾ
ਹਰਿ ਜਪਿਓ ਤਰੈ ਤਰਾਕੀ॥੧॥

(ਧਨਾਸਰੀ ਮ: ੪, ਪੰਨਾ ੬੬੮)

(ਅ) ਪਾਪ ਬਿਕਾਰ ਮਨੂਰ ਸਭਿ ਲਦੇ ਬਹੁ ਭਾਰੀ॥
ਮਾਰਗੁ ਬਿਖਮੁ ਡਰਾਵਣਾ ਕਿਉ ਤਰੀਐ ਤਾਰੀ॥
ਨਾਨਕ ਗੁਰਿ ਰਾਖੇ ਸੇ ਉਬਰੇ ਹਰਿ ਨਾਮਿ ਉਧਾਰੀ॥

(ਰਾਗੁ ਸਾਰੰਗ ਕੀ ਵਾਰ ਮ: ੪, ਪੰਨਾ ੧੨੪੮)

ਪਰਮਾਤਮਾ ਦੇ ਨਾਮ ਦਾ ਜਾਪ ਬੇੜੀ ਹੈ, ਨਾਮ ਹੀ ਤੁਲਹਾ ਹੈ। ਜਿਸ ਮਨੁੱਖ ਨੇ ਅਕਾਲ ਪੁਰਖ ਵਾਹਿਗੁਰੂ ਦਾ ਸਿਮਰਨ ਕੀਤਾ ਹੈ ਉਹ ਸੰਸਾਰ ਸਮੁੰਦਰ ਤੋਂ ਪਾਰ ਲੰਘਣ ਦੇ ਕਾਬਲ ਹੋ ਗਿਆ ਹੈ। ਪਰਮਾਤਮਾ ਦਾ ਨਾਮ ਦੁੱਖਾਂ ਨੂੰ ਨਸ਼ਟ ਕਰਨ ਵਾਲਾ ਹੈ–

(ੳ) ਹਰਿ ਹਰਿ ਸਿਮਰਹੁ ਅਗਮ ਅਪਾਰਾ॥
ਜਿਸੁ ਸਿਮਰਤ ਦੁਖੁ ਮਿਟੈ ਹਮਾਰਾ॥

(ਜੈਤਸਰੀ ਮ: ੪, ਪੰਨਾ ੬੯੮)

(ਅ) ਹਰਿ ਹਰਿ ਤੇਰਾ ਨਾਮੁ ਹੈ ਦੁਖ ਮੇਟਣਹਾਰਾ॥

(ਤਿਲੰਗ ਮ:, ਪੰਨਾ ੭੨੫)

ਅੱਜ ਅਸੀਂ ਗਲਤ ਰਸਤੇ ਤੇ ਤੁਰੇ ਜਾ ਰਹੇ ਹਾਂ। ਪ੍ਰਭੂ ਦੇ ਨਾਮ ਸਿਮਰਨ ਤੋਂ ਵੱਧ ਤੀਰਥ ਯਾਤਰਾ ਆਦਿਕ ਫੋਕਟ ਕਰਮਾਂ ਨੂੰ ਮਹੱਤਵ ਦੇਣ ਲੱਗ ਪਏ ਹਾਂ। ਮੜ੍ਹੀ ਮਸਾਣਿ ਆਦਿਕ ਤੇ ਜਾਣ ਵਿੱਚ ਸਾਨੂੰ ਕੋਈ ਗੁਰੇਜ ਨਹੀਂ ਰਹਿ ਗਿਆ। ਫੋਕਟ ਕਰਮਾਂ ਨੂੰ ਹੀ ਤਨਾਉ ਅਤੇ ਭਟਕਨਾ ਦੂਰ ਕਰਨ ਦਾ ਸਾਧਨ ਸਮਝ ਬੈਠੇ ਹਾਂ। ਸ੍ਰੀ ਗੁਰੂ ਰਾਮਦਾਸ ਜੀ ਸਮਝਾਉਂਦੇ ਹਨ ਕਿ ਇਹ ਸਾਰੇ ਕਰਮ ਨਿਹਫਲ ਹਨ। ਅਕਾਲ ਪੁਰਖ ਵਾਹਿਗੁਰੂ ਦਾ ਸਿਮਰਨ ਕਰਨ ਤੋਂ ਬਿਨਾਂ ਮਨ ਦੇ ਪਿੱਛੇ ਲੱਗ ਕੇ ਕੀਤੇ ਗਏ ਜਪ ਤਪ, ਸੰਜਮ, ਵਰਤ, ਪੂਜਾ ਆਦਿਕ ਕਰਮ ਹਉਮੈ ਰੋਗ ਨੂੰ ਦੂਰ ਕਰਨ ਵਿਚ ਸਹਾਇਕ ਨਹੀਂ ਹੁੰਦੇ, ਇਹ ਤਾਂ ਹੰਕਾਰ ਨੂੰ ਵਧਾਉਂਦੇ ਹਨ।

(ੳ) ਜਪੁ ਤਪੁ ਸੰਜਮ ਵਰਤ ਕਰੇ ਪੂਜਾ
ਮਨਮੁਖ ਰੋਗੁ ਨ ਜਾਈ॥
ਅੰਤਰਿ ਰੋਗੁ ਮਹਾ ਅਭਿਮਾਨਾ
ਦੂਜੈ ਭਾਇ ਖੁਆਈ॥੨॥

(ਸੂਹੀ ਮ: ੪, ਪੰਨਾ ੭੩੨)

(ਅ) ਭਰਮਿ ਭੂਲੇ ਅਗਿਆਨੀ ਅੰਧੁਲੇ
ਭ੍ਰਮਿ ਭ੍ਰਮਿ ਫੂਲ ਤੋਰਾਵੈ॥
ਨਿਰਜੀਉ ਪੂਜਹਿ ਮੜਾ ਸਰੇਵਹਿ
ਸਭ ਬਿਰਥੀ ਘਾਲ ਗਵਾਵੈ॥

(ਰਾਗ ਮਲਾਰ ਮ: ੪, ਪੰਨਾ ੧੨੬੪)

(ੲ) ਨਿਤ ਨਿਤ ਕਾਇਆ ਮਜਨੁ ਕੀਆ
ਨਿਤ ਮਲਿ ਮਲਿ ਦੇਹ ਸਵਾਰੇ॥
ਮੇਰੇ ਸਤਿਗੁਰ ਕੇ ਮਨਿ ਬਚਨ ਨ ਭਾਏ
ਸਭ ਫੋਕਟ ਚਾਰ ਸੀਗਾਰੇ॥੩॥

(ਮ: ੪, ਪੰਨਾ ੯੮੨)

ਇਨ੍ਹਾਂ ਕਰਮਾਂ ਨੂੰ ਕਰਨ ਨਾਲ ਤ੍ਰਿਸ਼ਨਾ ਦੀ ਅੱਗ ਸ਼ਾਂਤ ਨਹੀਂ ਹੁੰਦੀ, ਅੰਦਰੋਂ ਲੋਭ ਦੂਰ ਨਹੀਂ ਹੁੰਦਾ। ਜਦੋਂ ਤੱਕ ਅੰਦਰੋਂ ਲੋਭ, ਮੋਹ, ਹੰਕਾਰ ਹੈ, ਮਨ ਪ੍ਰਭੂ ਨਾਲ ਨਹੀਂ ਜੁੜ ਸਕਦਾ–

ਲੋਭ ਵਿਕਾਰ ਜਿਨਾ ਮਨੁ ਲਾਗਾ
ਹਰਿ ਵਿਸਰਿਆ ਪੁਰਖੁ ਚੰਗੇਰਾ॥



www.AKJ.Org

ਓਇ ਮਨਮੁਖ ਮੂੜ ਅਗਿਆਨੀ ਕਹੀਅਹਿ
ਤਿਨ ਮਸਤਕਿ ਭਾਗੁ ਮੰਦੇਰਾ।।
(ਰਾਗ ਟੋਡੀ ਮ: ੪, ਪੰਨਾ ੭੧੧)

ਗੁਰੂ ਪਾਤਸ਼ਾਹ ਅਸਲੀਅਤ ਨੂੰ ਦ੍ਰਿੜ ਕਰਵਾਉਂਦੇ ਹੋਏ ਦੱਸਦੇ ਹਨ ਕਿ ਜੇਕਰ ਸਾਰੇ ਤੀਰਥ-ਇਸ਼ਨਾਨ, ਵਰਤ, ਜਗ ਅਤੇ ਪੁੰਨ ਦਾਨ ਆਦਿਕ ਇਕੱਠੇ ਮਿਲਾਕੇ ਤੋਲੀਏ ਤਾਂ ਵੀ ਇਹ ਪ੍ਰਮਾਤਮਾ ਦੇ ਨਾਮ ਦੀ ਬਰਾਬਰੀ ਨਹੀਂ ਕਰ ਸਕਦੇ। ਇਨ੍ਹਾਂ ਸਾਰਿਆਂ ਦਾ ਫਲ ਨਾਮ ਸਿਮਰਨ ਦੇ ਫਲ ਨਾਲੋਂ ਹਲਕਾ ਸਾਬਿਤ ਹੁੰਦਾ ਹੈ -

ਸਭ ਤੀਰਥ ਵਰਤੁ ਜਗ ਪੁੰਨ ਤੁੋਲਾਹਾ।।
ਹਰਿ ਹਰਿ ਨਾਮ ਨ ਪੁਜਹਿ ਪੁਜਾਹਾ।।
ਹਰਿ ਹਰਿ ਅਤੁਲੁ ਤੋਲੁ ਅਤਿ ਭਾਰੀ
ਗੁਰਮਤਿ ਜਪਿ ਓਮਾਹਾ ਰਾਮ।।
ਸਭਿ ਕਰਮ ਧਰਮ ਹਰਿ ਨਾਮੁ ਜਪਾਹਾ।।
ਕਿਲਵਿਖ ਮੈਲੁ ਪਾਪ ਧੋਵਾਹਾ।।
(ਜੈਤਸਰੀ ਮ: ੪, ਪੰਨਾ ੬੯੯)

ਪ੍ਰਮਾਤਮਾ ਦਾ ਨਾਮ ਅਨੇਕਾਂ ਕੀਤੇ ਗਏ ਪਾਪਾਂ ਨੂੰ ਹਿਰਦੇ ਵਿਚੋਂ ਕੱਢ ਦਿੰਦਾ ਹੈ। ਜਿਹੜਾ ਮਨੁੱਖ ਸੇਵਾ ਭਾਵਨਾ ਨਾਲ ਆਪਾ ਭਾਵ ਤਿਆਗ ਕੇ ਪ੍ਰਭੂ ਦਾ ਨਾਮ ਜਪਦਾ ਹੈ ਉਹ ਸੁੱਚੇ ਜੀਵਨ ਵਾਲਾ ਬਣ ਜਾਂਦਾ ਹੈ -

ਮੇਰੇ ਮਨ ਜਪਿ ਅਹਿਨਿਸਿ ਨਾਮੁ ਹਰੇ।।
ਕੋਟਿ ਕੋਟਿ ਦੋਖ ਬਹੁ ਕੀਨੇ
ਸਭ ਪਰਹਰਿ ਪਾਸਿ ਧਰੇ।।੧।।ਰਹਾਉ।।
(ਰਾਗ ਨਟ ਨਾਰਾਇਣ ਮ: ੪, ਪੰਨਾ ੯੭੫)

ਜੇਕਰ ਮਨ ਨਾਮ ਸਿਮਰਨ ਵਿਚ ਲਗ ਜਾਵੇ ਤਾਂ ਭੈੜੀ ਮਤ ਤੇ ਹਉਮੈ ਦੂਰ ਹੋ ਜਾਂਦੀ ਹੈ। ਆਤਮਿਕ ਅਡੋਲਤਾ ਬਣੀ ਰਹਿੰਦੀ ਹੈ। ਦੁਖ, ਕਲੇਸ਼, ਲੋਭ, ਮੋਹ ਦਾ ਨਾਸ਼ ਹੋ ਜਾਂਦਾ ਹੈ। ਇੱਕ ਪ੍ਰਭੂ ਨਾਲ ਪਿਆਰ ਬਣ ਜਾਂਦਾ ਹੈ-

ਨਾਇ ਮੰਨਿਐ ਦੁਰਮਤਿ ਗਈ
ਮਤਿ ਪਰਗਟੀ ਆਇਆ।।
ਨਾਉ ਮੰਨਿਐ ਹਉਮੈ ਗਈ
ਸਭਿ ਰੋਗ ਗਵਾਇਆ।।
ਨਾਇ ਮੰਨਿਐ ਨਾਮੁ ਊਪਜੈ
ਸਹਜੇ ਸੁਖੁ ਪਾਇਆ।।
ਨਾਇ ਮੰਨਿਐ ਸਾਂਤ ਊਪਜੈ
ਹਰਿ ਮੰਨਿ ਵਸਾਇਆ।।
ਨਾਨਕ ਨਾਮੁ ਰਤੰਨੁ ਹੈ
ਗੁਰਮੁਖਿ ਹਰਿ ਧਿਆਇਆ।।
(ਸਾਰਗ ਕੀ ਵਾਰ ਮ: ੪, ਪੰਨਾ ੧੨੪੨)

ਨਾਮ ਰੂਪੀ ਭੋਜਨ ਖਾਣ ਨਾਲ ਮਨ ਸਤੁੰਸ਼ਟ ਹੋ ਜਾਂਦਾ ਹੈ। ਨਾਮ-ਰਸ ਦੇ ਸੁਆਦ ਦੇ ਸਾਹਮਣੇ ਸਾਰੇ ਸੁਆਦ ਫਿਕੇ ਜਾਪਦੇ ਹਨ। ਹਰਿ ਰਸ ਸਭ ਤੋਂ ਮਿੱਠਾ ਹੈ -

(ੳ) ਹਰਿ ਨਾਮੁ ਹਮਾਰਾ ਭੋਜਨੁ ਛਤੀਹ ਪਰਕਾਰ
ਜਿਤੁ ਖਾਇਐ ਹਮ ਕਉ ਤ੍ਰਿਪਤਿ ਭਈ।।
ਹਰਿ ਨਾਮੁ ਹਮਾਰਾ ਪੈਨਣੁ ਜਿਤੁਫਿਰਿ ਨੰਗੇ ਨ ਹੋਵਹ
ਹੋਰ ਪੈਨਣ ਕੀ ਹਮਾਰੀ ਸਰਧ ਗਈ।।
(ਵਡਹੰਸ ਕੀ ਵਾਰ, ਪੰਨਾ ੫੯੩)

(ਅ) ਜਿਤਨੇ ਰਸ ਅਨਰਸ ਹਮ ਦੇਖੇ
ਸਭ ਤਿਤਨੇ ਫੀਕ ਫੀਕਾਨੇ।।
ਹਰਿ ਕਾ ਨਾਮੁ ਅੰਮ੍ਰਿਤ ਰਸੁ ਚਾਖਿਆ
ਮਿਲਿ ਸਤਿਗੁਰ ਮੀਠ ਰਸ ਗਾਨੇ।।
(ਰਾਗ ਗਉੜੀ ਮ: ੪, ਪੰਨਾ ੧੬੯-੧੭੦)

ਜਿਨ੍ਹਾਂ ਦੇ ਹਿਰਦੇ ਵਿੱਚ ਨਾਮ ਵੱਸਦਾ ਹੈ ਉਹਨਾਂ ਨੂੰ ਲੋਕਾਂ ਦੀ ਮੁਥਾਜੀ ਦੀ ਲੋੜ ਨਹੀਂ ਰਹਿੰਦੀ। ਪਰਮਾਤਮਾ ਦੀ ਕਿਰਪਾ ਨਾਲ ਉਹਨਾਂ ਦੇ ਸਾਰੇ ਕੰਮ ਸਿਰੇ ਚੜ੍ਹ ਜਾਂਦੇ ਹਨ -

ਜਿਨਾ ਅੰਦਰਿ ਨਾਮੁ ਨਿਧਾਨੁ
ਹਰਿ ਤਿਨ ਕੇ ਕਾਜ ਦਯਿ ਆਦੇ ਰਾਸਿ।।
ਤਿਨ ਚੂਕੀ ਮੁਹਤਾਜੀ ਲੋਕਨ ਕੀ
ਹਰਿ ਪ੍ਰਭੁ ਅੰਗੁ ਕਰਿ ਬੈਠਾ ਪਾਸਿ।।
(ਮ: ੪, ਪੰਨਾ ੩੦੫)

ਅਕਾਲ ਪੁਰਖ ਵਾਹਿਗੁਰੂ ਦੇ ਨਾਲ ਜੁੜਨ ਵਾਲੇ ਦਾ ਮੋਹ ਹੋਰ ਕਿਸੇ ਨਾਲ ਨਹੀਂ ਰਹਿ ਜਾਂਦਾ -

ਜਿਨ ਸਰਧਾ ਰਾਮ ਨਾਮਿ ਲਗੀ
ਤਿਨ ਦੂਜੈ ਚਿਤੁ ਨ ਲਾਇਆ ਰਾਮ।।
ਜੇ ਧਰਤੀ ਸਭ ਕੰਚਨੁ ਕਰਿ ਦੀਜੈ
ਬਿਨੁ ਨਾਵੈ ਅਵਰੁ ਨ ਭਾਇਆ ਰਾਮ।।
(ਆਸਾ ਮ: ੪, ਪੰਨਾ ੪੪੪)

ਨਾਮ ਜਪਣ ਦੇ ਨਾਲ ਨਾਮ ਨੂੰ ਮਨ ਵਿੱਚ ਵਸਾਣਾ ਬਹੁਤ ਜ਼ਰੂਰੀ ਹੈ। ਜੇਕਰ ਰਸਨਾ ਨਾਲ ਪ੍ਰਭੂ ਦਾ ਨਾਮ ਲਿਆ ਜਾਂਦਾ ਹੈ ਪਰ ਹਿਰਦੇ ਵਿੱਚ ਛਲ-ਕਪਟ ਹੈ, ਵਿਕਾਰ ਹਨ ਤਾਂ ਸਿਮਰਨ ਦਾ ਫਲ ਨਹੀਂ ਮਿਲਦਾ ਜਿਵੇਂ ਦਾਣਿਆਂ ਤੋਂ ਬਿਨਾਂ ਤੂਹਾਂ ਨੂੰ ਕੁੱਟਣ ਵਾਲੇ ਨੂੰ ਕੁਝ ਪ੍ਰਾਪਤ ਨਹੀਂ ਹੁੰਦਾ -

(ੳ) ਹਿਰਦੈ ਕਪਟੁ ਨਿਤ ਕਪਟੁ ਕਮਾਵਹਿ
ਮੁਖਹੁ ਹਰਿ ਹਰਿ ਸੁਣਾਇ।।


www.AKJ.Org

ਅੰਤਰਿ ਲੋਭੁ ਮਹਾ ਗੁਬਾਰਾ
ਤੁਹ ਕੂਟੈ ਦੁਖ ਖਾਇ॥
(ਸਾਰਗ ਮ: ੪, ਪੰਨਾ ੧੧੯੯)

(ਅ) ਹਰਿ ਹਰਿ ਕਰਹਿ ਨਿਤ ਕਪਟੁ ਕਮਾਵਹਿ
ਹਿਰਦਾ ਸੁਧੁ ਨ ਹੋਈ॥
ਅਨਦਿਨੁ ਕਰਮ ਕਰਹਿ ਬਹੁਤੇਰੇ
ਸੁਪਨੈ ਸੁਖੁ ਨ ਹੋਈ॥
(ਸੂਹੀ ਮ: ੪, ਪੰਨਾ ੭੩੨)

ਮਾਇਆ ਲਈ ਧਾਰਮਿਕ ਵਿਖਾਵੇ ਕਰਦੇ ਹੋਏ ਮਨੁੱਖ ਭਟਕਦੇ ਫਿਰਦੇ ਹਨ। ਇਹ ਲੋਭ ਤੇ ਧਾਰਮਿਕ ਵਿਖਾਵਾ ਬੜੇ ਵੱਡੇ ਵੈਰੀ ਹਨ। ਇਹਨਾਂ ਅਧੀਨ ਕੋਈ ਵੀ ਸੁਖੀ ਨਹੀਂ ਹੋ ਸਕਦਾ। ਇਹ ਗਿਆਨ ਗੁਰੂ ਤੋਂ ਹੁੰਦਾ ਹੈ। ਗੁਰੂ ਦਰ ਤੋਂ ਬਿਨਾਂ ਕਿਸੇ ਹੋਰ ਥਾਂ ਤੋਂ ਨਾਮ-ਧਨ ਪ੍ਰਾਪਤ ਨਹੀਂ ਕੀਤਾ ਜਾ ਸਕਦਾ -

ਗੁਰਮੁਖਿ ਸੇਵਕ ਭਾਇ ਹਰਿ ਧਨੁ ਮਿਲੈ
ਤਿਥਹੁ ਕਰਮਹੀਣ ਲੈ ਨ ਸਕਹਿ
ਹੋਰਥੈ ਦੇਸ ਦਿਸੰਤਰਿ
ਹਰਿ ਧਨੁ ਨਾਹਿ॥
(ਬਿਲਾਵਲ ਕੀ ਵਾਰ ਮ: ੪, ਪੰਨਾ ੮੫੩)

ਗੁਰੂ ਨੇ ਪ੍ਰਮਾਤਮਾ ਦੇ ਰਾਹ ਤੇ ਤੁਰਨ ਦੀ ਜਾਚ ਸਿਖਾਈ ਹੈ ਅਤੇ ਆਖਿਆ ਹੈ ਹੇ ਗੁਰਸਿਖੋ ! ਆਪਣੇ ਅੰਦਰੋਂ ਛਲ-ਕਪਟ ਦੂਰ ਕਰੋ, ਨਿਰਛਲ ਹੋ ਕੇ ਪਰਮਾਤਮਾ ਦੇ ਸਿਮਰਨ ਦੀ ਕਮਾਈ ਕਰੋ। ਇਸ ਤਰ੍ਹਾਂ ਨਿਹਾਲ ਹੋ ਜਾਈਦਾ ਹੈ-

ਹਰਿ ਕਾ ਮਾਰਗੁ ਗੁਰ ਸੰਤਿ ਬਤਾਇਓ
ਗੁਰਿ ਚਾਲ ਦਿਖਾਈ ਹਰਿ ਚਾਲ॥
ਅੰਤਰਿ ਕਪਟੁ ਚੁਕਾਵਹੁ ਮੇਰੇ ਗੁਰਸਿਖਹੁ
ਨਿਹਕਪਟ ਕਮਾਵਹੁ
ਹਰਿ ਕੀ ਹਰਿ ਘਾਲ
ਨਿਹਾਲ ਨਿਹਾਲ ਨਿਹਾਲ॥੧॥
(ਨਟ ਮ: ੪, ਪੰਨਾ ੯੭੮)

ਸਾਡੇ ਲਈ ਬਾਣੀ ਹੀ ਗੁਰੂ ਹੈ -

ਬਾਣੀ ਗੁਰੂ ਗੁਰੂ ਹੈ ਬਾਣੀ
ਵਿਚਿ ਬਾਣੀ ਅੰਮ੍ਰਿਤੁ ਸਾਰੇ॥
ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ
ਪਰਤਖਿ ਗੁਰੂ ਨਿਸਤਾਰੇ॥
(ਨਟ ਅਸਟ ਮ: ੪, ਪੰਨਾ ੯੮੨)

ਬਾਣੀ ਵਿਚ ਦੱਸੇ ਅਸੂਲਾਂ ਦੀ ਪਾਲਣਾ ਕਰਕੇ ਹੀ ਕਾਮਾਦਿਕ ਪੰਜ ਵੈਰੀਆਂ ਨੂੰ ਵੱਸ ਵਿੱਚ ਕੀਤਾ ਜਾ ਸਕਦਾ ਹੈ। ਗੁਰਮਤਿ ਤੇ ਚੱਲਿਆਂ ਹਿਰਦੇ ਵਿੱਚ ਨਾਮ ਜਪਣ ਦਾ ਉਤਸ਼ਾਹ ਬਣ ਜਾਂਦਾ ਹੈ -

ਗੁਰਮਤਿ ਪੰਚ ਦੂਤ ਵਸਿ ਆਵਹਿ
ਮਨਿ ਤਨਿ ਹਰਿ ਓਮਾਹਾ ਰਾਮ॥੨॥
(ਜੈਤਸਰੀ ਮ: ੪, ਪੰਨਾ ੬੯੯)

ਜਦੋਂ ਸਤਿਗੁਰੂ ਦੇ ਸ਼ਬਦ ਵਿੱਚ ਮਨ ਜੁੜਦਾ ਹੈ ਤਾਂ ਹੀ ਸਮਝ ਆਉਂਦੀ ਹੈ ਕਿ ਪਰਮਾਤਮਾ ਸਦਾ ਅੰਗਸੰਗ ਹੈ -

ਗੁਰ ਕੈ ਸਬਦਿ ਮਨੁ ਭੇਦੀਐ
ਸਦਾ ਵਸੈ ਹਰਿ ਨਾਲਿ॥
(ਪੰਨਾ ੫੪੮)

ਜਿਹੜੇ ਗੁਰੂ ਦੇ ਹੁਕਮ ਨੂੰ ਸਮਝ ਕੇ ਉਸ ਉਤੇ ਅਮਲ ਕਰਦੇ ਹਨ, ਪਰਮਾਤਮਾ ਉਹਨਾਂ ਮਨੁੱਖਾਂ ਦਾ ਹੀ ਬਾਣੀ ਗਾਉਣਾ ਅਤੇ ਸੁਣਨਾ ਕਬੂਲ ਕਰਦਾ ਹੈ -

ਸੇਵਕ ਸਿਖ ਪੂਜਣ ਸਭਿ ਆਵਹਿ
ਸਭਿ ਗਾਵਹਿ ਹਰਿ ਹਰਿ ਊਤਮ ਬਾਨੀ॥
ਗਾਵਿਆ ਸੁਣਿਆ ਤਿਨ ਕਾ ਹਰਿ ਥਾਇ ਪਾਵੈ
ਜਿਨ ਸਤਿਗੁਰ ਕੀ ਆਗਿਆ ਸਤਿ ਸਤਿ ਕਰਿ ਮਾਨੀ॥
(ਧਨਾਸਰੀ ਮ: ੪, ਪੰਨਾ ੬੬੯)

ਸਤਸੰਗਤਿ ਗੁਰਬਾਣੀ ਅਨੁਸਾਰ ਜੀਵਨ ਘਾੜਤ ਘੜਣ ਵਿਚ ਸਹਾਇਕ ਹੁੰਦੀ ਹੈ -

ਹਰਿ ਭਾਉ ਲਗਾ ਬੈਰਾਗੀਆ
ਵਡਭਾਗੀ ਹਰਿ ਮਨਿ ਰਾਖੁ॥
ਮਿਲਿ ਸੰਗਤਿ ਸਰਧਾ ਊਪਜੈ
ਗੁਰ ਸਬਦੀ ਹਰਿ ਰਸੁ ਚਾਖੁ॥
ਸਭੁ ਮਨੁ ਤਨੁ ਹਰਿਆ ਹੋਇਆ
ਗੁਰਬਾਣੀ ਹਰਿ ਗੁਣ ਭਾਖੁ॥੧॥
(ਮਾਰੂ ਮ: ੪, ਪੰਨਾ ੯੯੭)

ਗੁਰੂ ਦੀ ਸਿਖਿਆ ਤੇ ਚਲਦਾ ਹੋਇਆ ਮਨੁੱਖ ਜੀਵਨ ਦੀ ਸਹੀ ਅਤੇ ਸਪੱਸ਼ਟ ਸੇਧ ਪ੍ਰਾਪਤ ਕਰ ਲੈਂਦਾ ਹੈ। ਗੁਰੂ ਦੇ ਸ਼ਬਦ ਰੂਪੀ ਕੁੰਡੇ ਨਾਲ ਮਨ ਰੂਪੀ ਹਾਥੀ ਨੂੰ ਵੱਸ ਵਿੱਚ ਕੀਤਾ ਜਾ ਸਕਦਾ ਹੈ -

ਮਨ ਗੁਰਮਤਿ ਚਾਲ ਚਲਾਵੈਗੋ॥
ਜਿਉ ਮੈਗਲੁ ਮਸਤੁ ਦੀਜੈ ਤਲਿ ਕੁੰਡੇ,
ਗੁਰ ਅੰਕਸੁ ਸਬਦੁ ਦ੍ਰਿੜਾਵੈਗੋ॥
(ਕਾਨੜਾ ਮ: ੪, ਪੰਨਾ ੧੩੧੦)

ਜੀਵਾਂ ਦੇ ਅੰਦਰ ਭੜਕ ਰਹੀ ਮਾਇਆ ਦੀ ਤ੍ਰਿਸ਼ਨਾ ਦੀ ਅੱਗ ਗੁਰ-ਸ਼ਬਦ ਦੇ ਗਿਆਨ ਅਤੇ ਵਿਚਾਰ ਨਾਲ ਹੀ ਠੰਡੀ ਕੀਤੀ ਜਾ ਸਕਦੀ ਹੈ। ਗੁਰ-ਸ਼ਬਦ ਨੂੰ ਸਮਝ ਕੇ ਉਸਦੇ ਅਨੁਸਾਰ ਆਪਣਾ ਜੀਵਨ

(ਬਾਕੀ ਪੰਨਾ ੨੫ ਤੇ.......)



www.AKJ.Org

# ਗਾਵਿਆ ਸੁਣਿਆ ਤਿਨ ਕਾ ਹਰਿ ਥਾਇ ਪਾਵੈ,
# ਜਿਨ ਸਤਿਗੁਰ ਕੀ ਆਗਿਆ ਸਤਿ ਸਤਿ ਕਰਿ ਮਾਨੀ

(ਸ੍ਰ: ਚੰਚਲ ਸਿੰਘ, ਸਪੈਸ਼ਲ ਐਗਜ਼ੈਕਟਿਵ ਮੈਜਿਸਟ੍ਰੇਟ)

ਸਿੱਖ ਧਰਮ ਸੰਸਾਰ ਦਾ ਸਭ ਤੋਂ ਆਧੁਨਿਕ, ਸਾਇੰਟੇਫਿਕ, ਸ਼੍ਰੋਮਣੀ ਅਤੇ ਕਲਿਆਣਕਾਰੀ ਧਰਮ ਹੈ ਜਿਸ ਵਿੱਚ ਦੀਨ ਦੁਨੀਆਂ ਨੂੰ ਤਿਆਗ ਕੇ ਜੰਗਲਾਂ ਜਾਂ ਪਹਾੜਾਂ ਤੇ ਜਾ ਕੇ ਕਠਨ ਤਪ ਸਾਧਨਾ ਕਰਨ, ਭੁੱਖੇ ਰਹਿਣ, ਪੁੱਠੇ ਲਟਕਣ, ਠੰਡੇ ਪਾਣੀਆਂ ਵਿੱਚ ਜਲ ਧਾਰਾ ਕਰਨ, ਸਰੀਰ ਤੇ ਸਵਾਹ ਮਲਣ, ਕੰਡਿਆਂ ਦੀ ਸੇਜਾ ਤੇ ਵਿਸ਼ਰਾਮ ਕਰਨ ਆਦਿ ਕਰਮ ਕਾਂਡਾਂ ਦੀ ਬਿਲਕੁਲ ਲੋੜ ਨਹੀਂ ਪੈਂਦੀ ਬਲਕਿ ਗੁਰਮਤਿ ਤਾਂ ਉਹ ਸਹਿਜ ਸੁਹੇਲਾ ਮਾਰਗ ਹੈ ਜਿਸ ਵਿਚ ਹੱਸਦੇ ਖੇਡਦੇ, ਸੁਹਣਾ ਛਕਦੇ ਛਕਾਂਦੇ ਪਰਮ ਪਦ ਦੀ ਪ੍ਰਾਪਤੀ ਹੋ ਸਕਦੀ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਫੁਰਮਾਨ ਕਰਦੇ ਹਨ -

"ਨਾਨਕ ਸਤਿਗੁਰਿ ਭੇਟਿਐ,
ਪੂਰੀ ਹੋਵੈ ਜੁਗਤਿ।।
ਹਸੰਦਿਆਂ ਖੇਲੰਦਿਆਂ, ਪੈਨੰਦਿਆਂ ਖਾਵੰਦਿਆਂ
ਵਿਚੇ ਹੋਵੈ ਮੁਕਤਿ।।" (ਪੰਨਾ ੫੨੨)

ਅਸੀਂ ਆਪਣੇ ਆਪ ਨੂੰ ਗੁਰੂ ਨਾਨਕ ਦੇਵ ਜੀ ਦਾ ਸਿੱਖ ਅਖਵਾਉਂਦੇ ਹਾਂ ਅਤੇ ਫਖਰ ਨਾਲ ਕਹਿੰਦੇ ਹਾਂ ਕਿ ਅਸੀਂ ਗੁਰੂ ਦੇ ਸਿੱਖ ਹਾਂ। ਜੇਕਰ ਅਸੀਂ ਗੁਰੂ ਦੇ ਸੱਚੇ ਸਿੱਖ ਹਾਂ ਤਾਂ ਗੁਰੂ ਮਹਾਰਾਜ ਦੀ ਸਿਖਿਆ ਉਤੇ ਚਲਣਾ ਵੀ ਸਾਡਾ ਪਰਮ ਧਰਮ ਹੋਣਾ ਚਾਹੀਦਾ ਹੈ।

ਗੁਰਮਤਿ ਵਿੱਚ ਗੁਰਬਾਣੀ, ਗੁਰੂ ਦੀ ਸਿਖਿਆ ਤੇ ਉਪਦੇਸ਼ਾਂ ਨੂੰ ਸੁਣਨ ਦੀ ਠੀਕ ਹੀ ਬੜੀ ਮਹਾਨਤਾ ਹੈ, ਪ੍ਰੰਤੂ ਗੁਰੂ ਦੀ ਸਿਖਿਆ ਸੁਣੀ ਵੀ ਕਿਸੇ ਕੰਮ ਨਹੀਂ ਜੇਕਰ ਇਸ ਸਿਖਿਆ ਨੂੰ ਮਨ ਵਿਚ ਨਹੀਂ ਵਸਾਇਆ ਅਤੇ ਇਸਤੇ ਅਮਲ ਨਹੀਂ ਕੀਤਾ। ਸ੍ਰੀ ਗੁਰੂ ਰਾਮਦਾਸ ਪਾਤਸ਼ਾਹ ਜੀ ਦਾ ਬਚਨ ਹੈ -

ਸੇਵਕ ਸਿਖ ਪੂਜਣ ਸਭਿ ਆਵਹਿ,
ਸਭਿ ਗਾਵਹਿ ਹਰਿ ਹਰਿ ਊਤਮ ਬਾਨੀ।।(ਪੰਨਾ ੬੬੯)
ਗਾਵਿਆ ਸੁਣਿਆ ਤਿਨ ਕਾ ਹਰਿ ਥਾਇ ਪਾਵੈ,
ਜਿਨ ਸਤਿਗੁਰ ਕੀ ਆਗਿਆ ਸਤਿ ਸਤਿ ਕਰਿ ਮਾਨੀ।।

ਇਕ ਹੋਰ ਥਾਂ ਆਪ ਫੁਰਮਾਂਦੇ ਹਨ -

"ਗੁਰਸਿਖ ਮੀਤ ਚਲਹੁ ਗੁਰ ਚਾਲੀ।।
ਜੋ ਗੁਰੁ ਕਹੈ ਸੋਈ ਭਲ ਮਾਨਹੁ,
ਹਰਿ ਹਰਿ ਕਥਾ ਨਿਰਾਲੀ।।" (ਪੰਨਾ ੬੬੭)

ਗੁਰਮਤਿ ਦੇ ਮਹਾਨ ਵਿਆਖਿਆਕਾਰ ਭਾਈ ਗੁਰਦਾਸ ਜੀ ਆਪਣੇ ਇਕ ਕਬਿੱਤ ਵਿੱਚ ਲਿਖਦੇ ਹਨ ਕਿ ਇਕ ਯਾਤ੍ਰੀ ਦੂਜੇ ਰਾਹੀਆਂ ਨੂੰ ਰਸਤਾ ਤਾਂ ਪੁੱਛਦਾ ਹੈ ਪ੍ਰੰਤੂ ਇਕ ਕਦਮ ਵੀ ਉਸ ਰਸਤੇ ਤੇ ਨਹੀਂ ਚੱਲਦਾ- ਇੰਜ ਪ੍ਰੀਤਮ ਦੇ ਦੇਸ ਕੋਈ ਖਾਲੀ ਬਾਤਾਂ ਕਰਕੇ ਹੀ ਕਿਵੇਂ ਪਹੁੰਚ ਸਕਦਾ ਹੈ ? ਇੰਜ ਹੀ ਕੋਈ ਬੀਮਾਰ ਵੈਦ ਦਾ ਮਸ਼ਵਰਾ ਤਾਂ ਲੈਂਦਾ ਹੈ, ਪਰ ਉਸਦੀ ਦਸੀ ਦਵਾਈ ਨੂੰ ਸੰਜਮ ਨਾਲ ਨਹੀਂ ਖਾਂਦਾ, ਇੰਜ ਉਹ ਬੀਮਾਰੀ ਤੋਂ ਛੁਟਕਾਰਾ ਕਿਵੇਂ ਪਾ ਸਕਦਾ ਹੈ ? ਇਵੇਂ ਹੀ ਕੋਈ ਇਸਤਰੀ ਜਿਸਦੇ ਕਰਮ ਦੁਹਾਗਣਾਂ ਵਰਗੇ ਹਨ - ਸੁਹਾਗਣਾਂ ਵਾਂਗ ਪਤੀ ਪਰਮੇਸ਼ਰ ਦੀ ਸੇਜਾ ਦਾ ਸੁਖ ਅਨੰਦ ਕਿਵੇਂ ਮਾਣ ਸਕਦੀ ਹੈ ? ਠੀਕ ਇੰਜ ਹੀ ਗੁਰੂ ਉਪਦੇਸ਼ ਨੂੰ ਹਿਰਦੇ ਵਿੱਚ ਧਾਰ ਕੇ ਉਸ ਅਨੁਸਾਰ ਕਮਾਈ ਕਰਨ ਤੋਂ ਬਗੈਰ ਸਾਡਾ ਅੱਖਾਂ ਮੁੰਦ ਕੇ ਅਤੇ ਬਗਲੇ ਵਾਂਗ ਸਮਾਧੀ ਲਾ ਕੇ ਗੁਰਬਾਣੀ ਗਾਉਣਾ ਜਾਂ ਸੁਣਨਾ ਬਿਲਕੁਲ ਫਜ਼ੂਲ ਹੈ -

ਪੂਛਤ ਪਥਿਕ ਤਿਹ ਮਾਰਗਿ ਨ ਧਾਰੈ ਪਗਿ,
ਪ੍ਰੀਤਮ ਕੈ ਦੇਸ ਕੈਸੇ ਬਾਤਨ ਸੇ ਜਾਈਐ।
ਪੂਛਤ ਹੈ ਬੈਦ, ਖਾਤ ਔਖਧਿ ਨ ਸੰਜਮ ਸੈ,
ਕੈਸੇ ਮਿਟੈ ਰੋਗ, ਸੁਖ ਸਹਜਿ ਸਮਾਈਐ।
ਪੂਛਤਿ ਸੁਹਾਗਨਿ ਹੈ, ਕਰਮਿ ਦੁਹਾਗਨਿ ਕੈ,
ਰਿਦੈ ਬਿਭਚਾਰ ਕਤ ਸਿਹਜਾ ਬੁਲਾਈਐ।
ਗਾਏ ਸੁਨੈ ਆਂਖੈ ਮੀਚੈ ਪਾਈਐ ਨ ਪਰਮ ਪਦੁ,
ਗੁਰ ਉਪਦੇਸ਼ ਗਹਿ, ਜੌ ਲੌ ਨ ਕਮਾਈਐ।

ਸ੍ਰੀ ਗੁਰੂ ਨਾਨਕ ਸਾਹਿਬ ਦੀ ਸਿਖਿਆ ਬੜੀ ਸਰਲ ਹੈ। ਸੁੱਚੀ ਕਿਰਤ ਕਰਨੀ, ਵੰਡ ਛਕਣਾ ਤੇ ਨਾਮ-ਜਪਣਾ- ਇਹ ਸਿੱਖੀ ਦੇ ਤਿੰਨ ਵੱਡੇ ਅਸੂਲ ਹਨ। ਨਾਮ ਜਪਣਾ ਸਾਡਾ ਪਹਿਲਾ ਧਰਮ ਹੈ। ਸੁੱਚੀ ਕਿਰਤ ਕਰਨਾ ਤੇ ਫਿਰ ਵੰਡ ਕੇ ਛਕਣਾ ਨਾਮ ਜਪਣ ਵਾਲੇ ਦੇ ਸੁਭਾ ਵਿਚ ਆਪਣੇ ਆਪ ਸ਼ਾਮਲ ਹੋ ਜਾਂਦੇ ਹਨ। ਕਿਰਤ ਤਾਂ ਅਸੀਂ ਸਾਰੇ ਹੀ ਕਰਦੇ ਹਾਂ। ਜਦ ਤੱਕ ਸਾਡੀ ਕਿਰਤ ਸੁੱਚੀ ਨਹੀਂ ਹੈ, ਮਨ ਸੁੱਚਾ ਨਹੀਂ ਹੋਣਾ



www.AKJ.Org

ਤੇ ਜਦ ਤਕ ਮਨ ਸੁੱਚਾ ਨਹੀਂ ਹੁੰਦਾ, ਦਸਵੰਧ ਕੱਢਣਾ ਜਾਂ ਵੰਡ ਕੇ ਛਕਣਾ ਨਹੀਂ ਹੋਣਾ ਅਤੇ ਜਦ ਤਕ ਦਸਵੰਧ ਦੀ ਰਾਹ ਉਤੇ ਨਹੀਂ ਚੱਲਦੇ ਤੇ ਗੁਰੂ ਦਾ ਹੁਕਮ ਨਹੀਂ ਮੰਨਦੇ, ਸਾਡੇ ਉਤੇ ਗੁਰੂ ਦੀ ਬਖਸ਼ਿਸ਼ ਨਹੀਂ ਹੋ ਸਕਦੀ।

ਨਿਸ਼ਕਾਮ ਤੇ ਨਿਰਮਾਣ ਸੇਵਾ ਗੁਰੂ ਕੀ ਆਗਿਆ ਸਤਿ ਸਤਿ ਕਰਕੇ ਮੰਨਣ ਦੇ ਅਨੋਖੇ ਪੂਰਨੇ ਪਾਣ ਅਤੇ ਗੁਰੂ ਘਰੋਂ ਨਿਥਾਵਿਆਂ ਦੇ ਥਾਉਂ, ਨਿਮਾਣਿਆਂ ਦੇ ਮਾਣ, ਨਿਤਾਣਿਆਂ ਦੀ ਤਾਣ, ਨਿਓਟਿਆਂ ਦੀ ਓਟ, ਨਿਗੌਤਿਆਂ ਦੀ ਗੱਤ, ਨਿਪੱਤਿਆਂ ਦੀ ਪੱਤ, ਨਿਆਸਰਿਆਂ ਦੇ ਆਸਰੇ, ਨਿਧਿਰਿਆਂ ਦੀ ਧਿਰ ਆਦਿ ਮਾਣ ਮੁਰਾਤਬੇ ਪ੍ਰਾਪਤ ਕਰਨ ਵਾਲੇ ਸ੍ਰੀ ਗੁਰੂ ਅਮਰਦਾਸ ਪਾਤਸ਼ਾਹ ਜੀ ਫੁਰਮਾਉਂਦੇ ਹਨ-

"ਗੁਰ ਕਾ ਕਹਿਆ ਜੇ ਕਰੇ,
ਸੁਖੀ ਹੂ ਸੁਖੁ ਸਾਰੁ।।
ਗੁਰ ਕੀ ਕਰਣੀ ਭਉ ਕਟੀਐ,
ਨਾਨਕ ਪਾਵਹਿ ਪਾਰੁ।।" (ਪੰਨਾ ੧੨੪੮)
"ਤਿਨ ਕਾ ਜਨਮੁ ਸਫਲੁ ਹੈ,
ਜੋ ਚਲਹਿ ਸਤਿਗੁਰ ਭਾਇ।।
ਕੁਲੁ ਉਧਾਰਹਿ ਆਪਣਾ,
ਧੰਨੁ ਜਣੇਦੀ ਮਾਇ।।" (ਪੰਨਾ ੨੮)
ਤਥਾ- "ਗੁਰਿ ਕਹਿਆ ਸਾ ਕਾਰ ਕਮਾਵਹੁ।।
ਸਬਦੁ ਚੀਨਿ ਸਹਜ ਘਰਿ ਆਵਹੁ।।
ਸਾਚੈ ਨਾਇ ਵਡਾਈ ਪਾਵਹੁ।।" (ਪੰਨਾ ੮੩੨)

ਪੰਜਾਹ ਸਾਲ ਤਕ ਦਾਸ ਨੂੰ ਵੀ ਇਨ੍ਹਾਂ ਸੁਨਹਿਰੀ ਅਸੂਲਾਂ ਦੀ ਹੋਸ਼ ਨਾ ਆਈ, ਪਰ ਜਦੋਂ ਗੁਰੂ ਸਾਹਿਬ ਨੇ ਮਿਹਰ ਕੀਤੀ, ਫਿਰ ਸੁੱਚੀ ਕਿਰਤ ਕਰਨ ਅਤੇ ਵੰਡ ਛਕਣ ਦੀ ਮਹਿਮਾ ਦੀ ਸੋਝੀ ਪਈ। ਵੈਸੇ ਇਹ ਕੰਮ ਔਖਾ ਹੈ। ਪਰ ਗੁਰੂ ਦਾ ਹੁਕਮ ਮੰਨ ਲਈਏ ਤੇ ਫਿਰ ਇਸ ਤੇ ਤੁਰਨ ਦੀ ਕੋਸ਼ਿਸ਼ ਕਰੀਏ ਤਾਂ ਰਸਤਾ ਮਿਲਦਾ ਹੀ ਜਾਂਦਾ ਹੈ, ਸਫਲਤਾ ਮਿਲਦੀ ਹੀ ਜਾਂਦੀ ਹੈ। ਇਕ ਕਦਮ ਵਧਾਂਦੇ ਹਾਂ, ਕਰੋੜਾਂ ਕਦਮ ਗੁਰੂ ਅੱਗੇ ਵੱਧ ਕੇ ਸਾਡੀ ਮਦਦ ਕਰਦਾ ਹੈ-

"ਚਰਨ ਸਰਨ ਗੁਰੁ ਏਕ ਪੈਂਡਾ ਜਾਇ ਚਲ,
ਸਤਿਗੁਰੁ ਕੋਟਿ ਪੈਂਡਾ ਆਗੈ ਹੋਇ ਲੇਤ ਹੈ।
ਏਕ ਬਾਰ ਸਤਿਗੁਰੁ ਮੰਤ੍ਰ ਸਿਮਰਨ ਮਾਤ੍ਰ,
ਸਿਮਰਨ ਤਾਂਹਿ ਬਾਰੰਬਾਰ ਗੁਰੁ ਹੇਤ ਹੈ।
ਭਾਵਨੀ ਭਗਤਿ ਭਾਇ ਕੌਡੀ ਅਗ੍ਰ ਭਾਗ ਰਾਖੈ,
ਤਾਂਹਿ ਗੁਰੁ ਸਰਬ ਨਿਧਾਨ ਦਾਨ ਦੇਤ ਹੈ।
ਸਤਿਗੁਰੁ ਦਯਾ ਨਿਧਿ ਮਹਿਮਾ ਅਗਾਧਿ ਬੋਧ,
ਨਮੋ ਨਮੋ ਨਮੋ ਨਮੋ ਨੇਤਿ ਨੇਤਿ ਨੇਤਿ ਹੈ।

ਅਸੀਂ ਕਹਿੰਦੇ ਹਾਂ ਕਿ ਸਾਡਾ ਮਨ ਨਹੀਂ ਜੁੜਦਾ, ਭਟਕਦਾ ਹੈ, ਮਨ ਵਿਚ ਭੈੜੇ ਭੈੜੇ ਫੁਰਨੇ ਫੁਰਦੇ ਹਨ, ਸਿਮਰਨ ਨਹੀਂ ਕਰਨ ਹੁੰਦਾ, ਆਦਿ। ਮਨ ਦਾ ਤਾਂ ਕੰਮ ਹੀ ਫੁਰਨੇ ਕਰਨਾ ਹੈ, ਮਨ ਨੇ ਤਾਂ ਹਮੇਸ਼ਾਂ ਮਾੜੇ ਪਾਸੇ ਹੀ ਜਾਣਾ ਹੈ। ਨਿੰਦਿਆ ਬਖੀਲੀ ਵੱਲ ਜਾਂਦਾ ਹੈ। ਦੂਜਿਆਂ ਨੂੰ ਦੁਖੀ ਕਰਕੇ, ਪਰਾਇਆ ਮਾਲ ਹੜੱਪ ਕਰਨ ਦੀਆਂ ਵਿਉਂਤਾਂ ਬਣਾਂਦਾ ਹੈ। ਜਦ ਤਕ ਅਸੀਂ ਡਟ ਨਹੀਂ ਜਾਂਦੇ, ਇਹ ਨਹੀਂ ਹਾਰਦਾ। ਗੁਰੂ ਦੀ ਸਿਖਿਆ ਅਨੁਸਾਰ ਵਾਹਿਗੁਰੂ ਜੀ ਦਾ ਜਾਪ ਸ਼ੁੱਧ ਹਿਰਦੇ ਨਾਲ ਕਰਕੇ ਇਸ ਨੂੰ ਬੰਨ੍ਹਣਾ ਹੈ। ਜਿਉਂ ਜਿਉਂ ਸਿਮਰਨ ਅੰਦਰ ਵੱਸਦਾ ਜਾਵੇਗਾ-ਮਾੜੇ ਖਿਆਲ ਅੰਦਰੋਂ ਨੱਸਦੇ ਜਾਣਗੇ।

ਜਦੋਂ ਅਸੀਂ ਆਪਣੀ ਹੋਛੀ ਮੱਤ ਛੱਡ ਦਿਆਂਗੇ ਤੇ ਗੁਰੂ ਦੀ ਸੁੱਚੀ ਮੱਤ ਧਾਰਨ ਕਰ ਲਵਾਂਗੇ ਤਾਂ ਫਿਰ ਗੁਰੂ ਆਪੇ ਸਾਨੂੰ ਚੰਗੇ ਪਾਸੇ ਲਾਵੇਗਾ ਤੇ ਅਸੀਂ ਇਹ ਅਨੁਭਵ ਕਰਾਂਗੇ ਕਿ ਸਾਡੇ ਤੇ ਬਖਸ਼ਿਸ਼ ਹੋ ਰਹੀ ਹੈ। ਸੋਝੀ ਉਪ੍ਰੰਤ ਚੰਗੇ ਪਾਸੇ ਚੱਲਣ ਦਾ ਲਗਾਤਾਰ ਉੱਦਮ ਕਰਨਾ ਸਾਡਾ ਧਰਮ ਹੈ। ਫਿਰ ਜੀਵਨ ਬੜਾ ਮਿੱਠਾ ਤੇ ਸੁਆਦਲਾ ਬਣਦਾ ਜਾਏਗਾ ਤੇ ਮਨ ਇਸ ਤੇ ਤੁਰਨ ਲਈ ਉਤਾਵਲਾ ਹੀ ਰਹੇਗਾ।

ਕਦੇ ਧਰਕੋਨੇ ਤੱਕੇ ਜੇ ? ਦਿੱਸਣ ਵਿਚ ਅੰਗੂਰਾਂ ਵਰਗੇ ਹੀ ਭਾਸਦੇ ਹਨ, ਪਰ ਬੁੱਧੀਵਾਨ ਪੁਰਸ਼ ਉਨ੍ਹਾਂ ਵੱਲ ਤੱਕਦੇ ਵੀ ਨਹੀਂ। ਕਿਉਂ ? ਇਸ ਕਰਕੇ ਕਿ ਉਹ ਕੌੜੇ ਤੇ ਬੇਸੁਆਦ ਹੁੰਦੇ ਹਨ। ਠੀਕ ਇਸੇ ਤਰ੍ਹਾਂ ਸੰਸਾਰ ਵਿਚ ਆਪਣਾ ਜੀਵਨ ਅੰਗੂਰਾਂ ਵਾਂਗ ਮਿੱਠਾ ਤੇ ਸੁਆਦੀ ਜਾਂ ਅੱਕ ਧਰਕੋਨਿਆਂ ਵਾਂਗ ਕੁੜੱਤਣ ਵਾਲਾ ਬਨਾਣਾ ਹੁਣ ਤੁਹਾਡੇ ਆਪਣੇ ਹੱਥ ਵਿੱਚ ਹੀ ਹੈ। ਤਾਂ ਫਿਰ ਕਿਉਂ ਨਾ ਤੁਸੀਂ ਆਪਣਾ ਜੀਵਨ ਸੁਹਣਾ ਤੇ ਖੁਸ਼ਬੋਦਾਰ ਬਣਾਓ ? ਐਸੇ ਚੰਗੇ ਜੀਵਨ ਦਾ ਆਰੰਭ ਗੁਰਮੁਖਾਂ ਦੀ ਤੇ ਗੁਰਬਾਣੀ ਦੀ ਸਤਿਸੰਗਤ ਨਾਲ ਆਰੰਭ ਹੁੰਦਾ ਹੈ।

ਕੀ ਆਪ ਨੂੰ ਪਤਾ ਹੈ ਕਿ ਚਮਤਕਾਰੀ ਜੀਵਨ ਦੀ ਨੀਂਹ ਕਿਵੇਂ ਬੱਝਦੀ ਹੈ ? ਜੇ ਨਹੀਂ ਪਤਾ ਤਾਂ ਧਿਆਨ ਨਾਲ ਸੁਣੋ ਕਿ ਐਸੇ ਚੁੰਬਕਮਈ ਜੀਵਨ ਦੀ ਨੀਂਹ *'ਵੰਡ ਛਕਣ'* ਅਰ ਪਵਿੱਤਰ *'ਦਸਵੰਧ'* ਦੇਣ ਦੇ ਭਾਵ ਤੋਂ ਆਰੰਭ ਹੁੰਦੀ ਏ। ਆਸ ਪਾਸ ਜੋ ਕੁਝ ਵੀ ਹੈ, ਜਿਸ


www.AKJ.Org

ਨਾਲ ਕਿਸੇ ਪ੍ਰਾਣੀ ਦਾ ਭਲਾ ਹੋ ਸਕਦਾ ਹੋਵੇ-ਉਸ ਨੂੰ ਖੁਲ੍ਹੇ ਦਿਲ ਉਦਾਰਤਾ ਨਾਲ ਵੰਡੋ। ਗੁਰਸਿਖਾਂ ਨੂੰ ਤਾਂ ਦਸਵੰਧ ਕੱਢਣ ਦੀ ਗੁੜ੍ਹਤੀ ਸਤਿਗੁਰਾਂ ਨੇ ਬਖਸ਼ੀ ਹੈ, ਜਿੰਨਾਂ ਵਧੀਕ ਆਪ ਦਸਵੰਧ ਦਾਨੀ ਬਣਨ ਦੀ ਲੀਹੇ ਚਲੋਗੇ ਉਤਨੀ ਹੀ ਵਧੀਕ ਅੰਤ੍ਰੀਵ ਪ੍ਰਸੰਨਤਾ ਦੀ ਫੁਹਾਰ ਆਪ ਉਤੇ ਅਰਸ਼ੀ ਦਰਬਾਰੋਂ ਵਰਸਣੀ ਆਰੰਭ ਹੋ ਜਾਵੇਗੀ।

ਇਸ ਦ੍ਰਿਸ਼ਟਾਂਤ ਨੂੰ ਜ਼ਰਾ ਧਿਆਨ ਨਾਲ ਸੋਚੋ ਤੇ ਸਮਝਣ ਦੀ ਕੋਸ਼ਿਸ਼ ਕਰੋ। ਆਪ ਖੇਤੀ ਵਿਚ 10 ਮੁੱਠਾਂ ਦਾਣੇ ਬੀਜੋਗੇ ਤਾਂ 10 ਟੋਕਰੇ ਅਨਾਜ ਭਰ ਲਵੋਗੇ। 10 ਮਣ ਬੀਜ ਦਾਣੇ ਬੀਜੋਗੇ ਤਾਂ 100 ਮਣ ਅਨਾਜ ਦੇ ਬੋਹਲਾਂ ਨਾਲ ਬੋਰੀਆਂ ਤੂੜ ਲਵੋਗੇ। 10 ਗੱਡੇ ਬੀਜੋਗੇ ਤਾਂ 100 ਕੋਠੀਆਂ ਅਨਾਜ ਭਰ ਲਵੋਗੇ, ਅਰਥਾਤ ਜਿਉਂ ਜਿਉਂ ਉਦਾਰ ਚਿੱਤ ਹੋ ਜ਼ਿਮੀਦਾਰ ਖੁਲ੍ਹੀ ਭੋਇੰ ਵਿਚ ਬੀਜ ਬੀਜਦਾ ਜਾਂਦਾ ਹੈ ਤਿਉਂ ਤਿਉਂ ਰੱਬੀ ਬਖਸ਼ਿਸ਼ਾਂ ਦੀ ਵਧੀਕ ਬਰਕਤ ਉਸ ਦੀ ਝੋਲੀ ਵਿਚ ਪੈਂਦੀ ਜਾਂਦੀ ਏ। ਇਹ ਇਕ ਬੁਨਿਆਦੀ ਕਾਨੂੰਨ ਹੈ ਅਤੇ ਇਸ ਵਿਚ ਸਰੋਂ ਦੇ ਦਾਣੇ ਜਿੰਨੀ ਵੀ ਸ਼ੱਕ ਦੀ ਗੁੰਜਾਇਸ਼ ਨਹੀਂ ਹੈ।

ਗੁਰੂ ਕੇ ਸਿੱਖ ਲਈ ਇਹ ਇਕ ਪ੍ਰੇਰਨਾ ਹੀ ਨਹੀ, ਬਲਕਿ ਜ਼ੋਰਦਾਰ ਤਾਕੀਦ ਹੈ ਕਿ ਆਪਣੀ ਕ੍ਰਿਤ ਕਮਾਈ ਦਾ ਦਸਵਾਂ ਹਿੱਸਾ (ਦਸਵੰਧ) ਧਰਮ ਕਾਰਜਾਂ ਲਈ ਕੱਢੇ ਅਤੇ ਦੁਖੀਆਂ ਦੀ ਸਹਾਇਤਾ, ਵਿਦਿਅਕ, ਸਮਾਜਕ ਕਾਰਜਾਂ, ਕੌਮੀ ਅਤੇ ਧਾਰਮਕ ਹਿਤਾਂ ਆਦਿ ਲਈ ਖਰਚ ਕੇ ਸਫ਼ਲ ਕਰੇ। ਪੁਰਾਤਨ ਹੁਕਮਨਾਮਿਆਂ ਅਤੇ ਇਤਿਹਾਸਕ ਗ੍ਰੰਥਾਂ ਵਿਚੋਂ ਇਸ ਪ੍ਰਕਾਰ ਦੇ ਆਦੇਸ਼ ਸਾਫ਼ ਵੇਖੇ ਜਾ ਸਕਦੇ ਹਨ, ਜਿਵੇਂ-

"ਦਸ ਨਖ ਕਰ ਜੋ ਕਾਰ ਕਮਾਵੈ।
ਤਾਂ ਕਰ ਜੋ ਧਨ ਘਰ ਮਹਿ ਆਵੈ।
ਤਿਸ ਤੇ ਗੁਰ ਦਸੌਂਧ ਜੋ ਦੇਈ।
ਸਿੰਘ ਸੁਜਸ ਬਹੁ ਜਗ ਮਹਿ ਲੇਈ।'

(ਰਹਿਤਨਾਮਾ ਭਾਈ ਦੇਸਾ ਸਿੰਘ ਜੀ)

*"ਗੁਰੂ ਕਾ ਸਿੱਖ ਧਰਮ ਕਿਰਤ ਕੇ ਨਫ਼ੇ ਵਿਚੋਂ ਗੁਰੂ ਅਰਥ ਦਸਵੰਧ ਦੇਵੇ।"*

(ਰਹਿਤਨਾਮਾ ਭਾਈ ਚੌਪਾ ਸਿੰਘ ਜੀ)

"ਜੋ ਅਪਨੀ ਕਿਛੁ ਕਰੋ ਕਮਾਈ।
ਗੁਰੁ ਹਿਤ ਦਿਹੁ ਦਸਵੰਧੁ ਬਨਾਈ।"

(ਗੁਰੁ ਪ੍ਰਤਾਪ ਸੂਰਜ ਗ੍ਰੰਥ)

ਸ੍ਰੀ ਦਸਮੇਸ਼ ਪਿਤਾ ਜੀ ਦੇ ਹਜ਼ੂਰੀ ਕਵੀ ਭਾਈ ਨੰਦਲਾਲ ਜੀ ਤਾਂ ਬਹੁਤ ਕਰੜੇ ਸ਼ਬਦਾਂ ਵਿਚ ਹਦਾਇਤ ਕਰਦੇ ਹਨ ਕਿ ਜੋ ਗੁਰੂ ਦਾ ਸਿੱਖ ਦਸਵੰਧ ਨਹੀਂ ਕੱਢਦਾ, ਉਸਤੇ ਤਾਂ ਕਿਸੇ ਕਿਸਮ ਦਾ ਭਰੋਸਾ ਜਾਂ ਵਿਸ਼ਵਾਸ਼ ਹੀ ਨਹੀਂ ਕੀਤਾ ਜਾ ਸਕਦਾ-

"ਦਸਵੰਧ ਗੁਰੂ ਨਹਿ ਦੇਵਈ,
ਝੂਠ ਬੋਲ ਜੋ ਖਾਇ।
ਕਹੈ ਗੋਬਿੰਦ ਸਿੰਘ, ਲਾਲ ਜੀ !
ਤਿਸਕਾ ਕਛੁ ਨ ਬਿਸਾਹਿ।"

ਗੁਰੂ ਪ੍ਰੇਮੀਆਂ ਦੇ ਮਨ ਵਿੱਚ ਇਹ ਵਿਚਾਰ ਆਮ ਆ ਜਾਂਦਾ ਹੈ ਕਿ ਇਤਨੀ ਮਿਹਨਤ ਨਾਲ ਅਸੀਂ ਕਮਾਈ ਕਰਦੇ ਹਾਂ, ਪੈਸਾ ਪੈਸਾ ਜੋੜਦੇ ਹਾਂ ਅਤੇ ਜੇਕਰ ਇਸਦਾ ਦਸਵਾਂ ਹਿੱਸਾ ਗੁਰੂ ਕੇ ਨਮਿਤ ਕੱਢਣ ਲੱਗੇ, ਫਿਰ ਤਾਂ ਜਲਦੀ ਹੀ ਗਰੀਬੀ ਦਾ ਮੂੰਹ ਵੇਖਣਾ ਪੈ ਸਕਦਾ ਹੈ, ਕਿਉਂ ਮਿਹਨਤ ਨਾਲ ਜੋੜੀ ਇਸ ਮਾਇਆ ਨੂੰ ਧਰਮ ਕਾਰਜਾਂ ਲਈ ਦਸਵੰਧ ਵਜੋਂ ਦਿੱਤਾ ਜਾਵੇ ? ਇਸ ਸ਼ੰਕੇ ਦਾ ਨਿਸਤਾਰਾ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸੁਖਮਨੀ ਸਾਹਿਬ ਵਿੱਚ ਚੰਗੀ ਤਰ੍ਹਾਂ ਕਰ ਦਿੱਤਾ ਹੈ। ਆਪ ਫੁਰਮਾਉਂਦੇ ਹਨ ਕਿ ਠੀਕ ਹੈ ਤੂੰ ਦਸ ਪੈਸੇ ਜੋੜਦਾ ਹੈਂ, ਪ੍ਰੰਤੂ ਉਹ ਦੀਨ ਦਿਆਲ ਪਰਮੇਸ਼ਰ ਤੈਨੂੰ ਇਹ ਦਸ ਪੈਸੇ ਵੀ ਨਾਂ ਦੇਵੇ, ਤਾਂ ਤੂੰ ਕੀ ਚਾਰਾ ਕਰ ਸਕਦਾ ਹੈ ? ਆਪ ਫੁਰਮਾਉਂਦੇ ਹਨ-

"ਦਸ ਬਸਤੂ ਲੇ ਪਾਛੈ ਪਾਵੈ।।
ਏਕ ਬਸਤੁ ਕਾਰਨਿ ਬਿਖੋਟਿ ਗਵਾਵੈ।।
ਏਕ ਭੀ ਨ ਦੇਇ ਦਸ ਭੀ ਹਿਰਿ ਲੇਇ।।
ਤਉ ਮੂੜਾ ਕਹੁ ਕਹਾ ਕਰੇਇ।।" (ਪੰਨਾ ੨੬੮)

ਇਸ ਲਈ ਪ੍ਰੇਮੀਓ ! ਆਪ ਦਾ ਜੀਵਨ ਰੂਪੀ ਫੁੱਲ ਉਦੋਂ ਹੀ ਪੂਰਾ ਸੋਹਣਾ ਅਤੇ ਪੂਰੇ ਜੋਬਨ ਵਿਚ ਖਿੜੇਗਾ ਜਦੋਂ ਆਪ ਆਪਣਾ ਦਸਵੰਧ ਅਤੇ ਜੋ ਕੁਝ ਗੁਣ ਆਦਿ ਆਪ ਪਾਸ ਕੀਮਤੀ ਸੁਗਾਤ ਹੈ, ਉਸ ਨੂੰ ਹੋਰ ਭਰਾਵਾਂ ਵਿੱਚ ਪ੍ਰੇਮ ਨਾਲ ਵੰਡਣਾ ਸਿੱਖ ਲਵੋਗੇ ਅਤੇ ਨਾਲ ਹੀ ਨਾਮ ਸਿਮਰਨ ਦੀ ਲੀਹੇ ਮਨ ਨੂੰ ਤੋਰੋਗੇ। ਸ਼ੱਕ, ਭਰਮ ਤੇ ਬੇਵਿਸ਼ਵਾਸ਼ੀ ਦੇ ਕੰਡੇ ਬਿਲਕੁਲ ਅੰਦਰ ਨਾ ਉਗਣ ਦਿਓ ਤੇ ਜਿਵੇਂ ਹੀ ਇਹ ਵਿਚਾਰ ਖੁੰਬਾਂ ਬਣਕੇ ਉਠਣ, ਇਨ੍ਹਾਂ ਦੀਆਂ ਸਿਰੀਆਂ ਫੇਹ ਸੁੱਟੋ ਅਤੇ ਮਨ ਨੂੰ ਰੱਬੀ ਸ਼ੁਕਰ ਗੁਜ਼ਾਰੀ ਦੇ ਰੰਗ ਵਿਚ ਰੰਗ ਦਿਓ।


www.AKJ.Org

ਕੀ ਤੁਹਾਡੀਆਂ ਦੋਨੋਂ ਅੱਖਾਂ ਐਵੇਂ ਨਿਗੁਣੀਆਂ ਤੇ ਸਾਧਾਰਨ ਹੀ ਹਨ ? ਨਹੀਂ-ਇਨ੍ਹਾਂ ਦਾ ਮੁੱਲ ਨੇਤ੍ਰ ਹੀਣਾਂ ਨੂੰ ਪੁਛੋ। ਲੱਤਾਂ ਦਾ ਮੁੱਲ ਕਿਸੇ ਲੂਲੇ ਲੰਗੜੇ ਨੂੰ ਪੁੱਛੋ। ਹੱਥਾਂ ਦਾ ਮੁੱਲ ਹੱਥ ਗਵਾ ਚੁੱਕੇ ਬੰਦੇ ਤੋਂ ਪੁਛੋ ਤੇ ਫਿਰ ਤੱਕੋ ਕਿ ਤੁਹਾਡੀ ਇਹ ਦੇਹੀ, ਅਰੋਗ ਸਰੀਰ ਕਿੰਨਾ ਅਮੋਲਕ ਹੈ। ਇੰਨੀਆਂ ਰੱਬੀ ਬਖਸ਼ਿਸ਼ਾਂ ਪ੍ਰਾਪਤ ਕਰਕੇ ਵੀ ਜੋ ਮਨੁੱਖ ਨਾਸ਼ੁਕਰਾ ਬਣ ਬੈਠਦਾ ਹੈ, ਉਸ ਵਰਗਾ ਮੰਦ ਭਾਗੀ ਦੁਨੀਆਂ ਵਿੱਚ ਕੋਈ ਨਹੀਂ। ਇਹ ਨਾਸ਼ੁਕਰਗੁਜ਼ਾਰੀ ਦੀ ਭਾਵਨਾ ਕੁਚਲ ਛੱਡੋ ਤੇ ਜੋ ਵਾਹਿਗੁਰੂ ਦੀਆਂ ਬਖਸ਼ਿਸ਼ਾਂ ਆਪ ਨੂੰ ਪ੍ਰਾਪਤ ਹਨ ਉਨ੍ਹਾਂ ਲਈ ਸ਼ੁਕਰਾਨੇ ਵਿੱਚ ਭਿੱਜ ਕੇ ਲਗਾਤਾਰ ਦਸਵੰਧ ਕੱਢੋ ਤੇ ਨਾਮ ਜਪੋ। ਕੁਝ ਸਮਾਂ ਹੀ ਇਸ ਲੀਹੇ ਤੁਰੇ ਰਹੋਗੇ ਤਾਂ ਫਿਰ ਯਕੀਨਨ ਹੀ ਤੁਹਾਡਾ ਅੰਦਰਲਾ ਕਾਇਲ ਹੋ ਕੇ ਇਸ ਸੱਚੇ ਮਾਰਗ ਦਾ ਪੰਧਾਊ ਬਣਨ ਲਈ ਪੁਕਾਰ ਉਠੇਗਾ।

ਸ੍ਰੀ ਗੁਰੂ ਅਰਜਨ ਦੇਵ ਜੀ ਸਹਸਕ੍ਰਿਤੀ ਸਲੋਕਾਂ ਵਿੱਚ ਫੁਮਾਉਂਦੇ ਹਨ ਕਿ ਜੋ ਜੀਵ ਪੂਰਬਲੇ ਜਨਮ ਵਿੱਚ ਦਾਨ ਪੁੰਨ ਕਰਦੇ ਹਨ, ਅਗਲੇ ਜਨਮ ਵਿੱਚ ਰਾਜਿਆਂ ਵਾਂਗ ਸੁਖ ਮਾਣਦੇ ਹਨ, ਜਦੋਂ ਕਿ ਮਨਮਤੀ ਲੋਕ ਦੁੱਖ ਭੋਗਦੇ ਹੀ ਮਰ ਜਾਂਦੇ ਹਨ-

ਦਾਨੰ ਪਰਾ ਪੂਰਬੇਣ, ਭੁੰਚੰਤੇ ਮਹੀਪਤੇ।।
ਬਿਪਰੀਤ ਬੁਧੰ ਮਾਰਤ ਲੋਕਹ ਨਾਨਕ
ਚਿਰੰਕਾਲ ਦੁਖ ਭੋਗਤੇ।। (ਪੰਨਾ ੧੩੫੬)

*ਸਾਰਕੁਤਾਵਲੀ* ਵਿੱਚ ਕਥਨ ਆਂਦਾ ਹੈ ਕਿ ਸੰਸਾਰ ਵਿੱਚ ਮਾਇਆ ਦੇ ਚਾਰ ਹਿੱਸੇਦਾਰ ਹਨ- ਧਰਮ, ਰਾਜਾ, ਚੋਰ ਤੇ ਅਗਨੀ। ਜੋ ਜੀਵ ਧਰਮ ਨੂੰ ਤਿਆਗਦੇ ਹਨ ਅਥਵਾ ਧਰਮ ਅਰਥ ਖਰਚ ਨਹੀਂ ਕਰਦੇ, ਉਸ ਤੇ ਬਾਕੀ ਦੇ ਤਿੰਨ ਹਿੱਸੇਦਾਰ ਵੀ ਸਖਤ ਨਾਰਾਜ਼ ਹੋ ਜਾਂਦੇ ਹਨ ਅਤੇ ਕਿਸੇ ਢੰਗ ਨਾਲ ਧਨ ਨੂੰ ਕਾਬੂ ਕਰ ਲੈਂਦੇ ਹਨ। ਜੋ ਮਾਇਆ ਧਰਮ ਦੇ ਲੇਖੇ ਲੱਗ ਕੇ ਵਧਣੀ ਫੁੱਲਣੀ ਸੀ, ਉਹ ਚੋਰ, ਰਾਜੇ ਜਾਂ ਅੱਗ ਦੇ ਕਾਬੂ ਆ ਕੇ ਪੂਰੀ ਭਸਮ ਹੋ ਜਾਂਦੀ ਹੈ-

ਧਨ ਕੇ ਭਾਗੀ ਚਾਰ ਹੈਂ, ਧਰਮ, ਚੋਰ, ਨ੍ਰਿਪ, ਆਗ।
ਕੋਪੈ ਤ੍ਰਪੈ ਭ੍ਰਾਤ ਤ੍ਰੈ, ਕਰੈ ਜੁ ਜੇਸ਼ਟਹਿ ਤਿਆਗ।

ਇਸ ਲਈ ਸਾਨੂੰ ਸਭ ਨੂੰ ਪ੍ਰਣ ਕਰਨਾ ਚਾਹੀਦਾ ਹੈ ਕਿ ਗੁਰੂ ਦੇ ਹੁਕਮਾਂ ਨੂੰ ਤਾਕੀਦਗੀ ਨਾਲ ਮੰਨੀਏ, ਆਪਣੀ ਧਰਮ ਦੀ ਕਮਾਈ ਦਾ ਦਸਵੰਧ ਨੇਮ ਨਾਲ ਕੱਢੀਏ ਅਤੇ ਸ਼ੁਭ ਕਾਰਜਾਂ ਵਿੱਚ ਲਗਾਕੇ ਸਫਲ ਕਰੀਏ, ਇਸੇ ਵਿੱਚ ਹੀ ਜੀਵ ਦੀ ਸਫਲਤਾ ਅਤੇ ਕਲਿਆਣ ਹੈ।

♦♦♦♦♦

(ਪੰਨਾ ੨੧ ਦਾ ਬਾਕੀ.......)

ਬਣਾਕੇ ਹੀ ਮਨੁੱਖ ਮਾਨਸਿਕ ਤਨਾਉ ਅਤੇ ਭਟਕਨਾਂ ਦੇ ਸਮੁੰਦਰ ਤੋਂ ਬਾਹਰ ਨਿਕਲ ਸਕਦਾ ਹੈ -

ਅੰਤਰਿ ਅਗਨਿ ਸਬਲ ਅਤਿ ਬਿਖਿਆ
ਹਿਵ ਸੀਤਲੁ ਸਬਦੁ ਗੁਰ ਦੀਜੈ।।
ਤਨਿ ਮਨਿ ਸਾਂਤਿ ਹੋਇ ਅਧਿਕਾਈ
ਰੋਗੁ ਕਾਟੈ ਸੂਖਿ ਸਵੀਜੈ।।
(ਕਲਿਆਨ ਮ: ੪, ਪੰਨਾ ੧੩੨੬)

ਜਿਸ ਮਨੁੱਖ ਨੇ ਗੁਰ-ਸ਼ਬਦ ਨਾਲ ਜੁੜਕੇ ਪਵਿਤ੍ਰ ਹਿਰਦੇ ਨਾਲ ਨਾਮ ਸਿਮਰਨ ਦੀ ਕਮਾਈ ਕੀਤੀ ਹੈ, ਉਸ ਮਨੁੱਖ ਦਾ ਹਰਿ ਸਿਮਰਨ ਦਾ ਉੱਦਮ ਜਤ, ਧੀਰਜ, ਉੱਚੀ ਮੱਤਿ, ਆਤਮਿਕ ਜੀਵਨ ਦੀ ਸੂਝ ਆਦਿਕ ਦੀ ਟਕਸਾਲ ਵਿੱਚ ਸੋਹਣਾ ਰੂਪ ਧਾਰ ਲੈਂਦਾ ਹੈ। ਜਿਸ ਨੇ ਇਹ ਕਰ ਲਿਆ, ਜਿਸਨੇ ਅਕਾਲ ਪੁਰਖ ਵਾਹਿਗੁਰੂ ਦੇ ਨਾਮ ਸਿਮਰਨ ਦੀ ਮਾਲਾ ਹਿਰਦੇ ਵਿਚ ਫੇਰ ਲਈ, ਉਸਨੇ ਗੁਰੂ ਸ਼ਬਦ ਅਨੁਸਾਰ ਜੀਵਨ ਘਾੜਤ ਘੜਕੇ ਪ੍ਰਭੂ ਨੂੰ ਆਪਣੇ ਅੰਦਰ ਹੀ ਲੱਭ ਲਿਆ -

ਗੁਰਮੁਖਿ ਸੇਵਾ ਘਾਲ ਜਿਨਿ ਘਾਲੀ।।
ਤਿਸੁ ਘੜੀਐ ਸਬਦੁ ਸਚੀ ਟਕਸਾਲੀ।।੨।।
ਹਰਿ ਅਗਮ ਅਗੋਚਰੁ ਗੁਰਿ ਅਗਮ ਦਿਖਾਲੀ।।
ਵਿਚਿ ਕਾਇਆ ਨਗਰ ਲਧਾ ਹਰਿ ਭਾਲੀ।।
(ਭੈਰਉ ਮ: ੪, ਪੰਨਾ ੧੧੩੪)

ਐਸੇ ਮਨੁੱਖ ਆਤਮਿਕ ਆਨੰਦ ਦਾ ਫਲ ਹਾਸਲ ਕਰ ਲੈਂਦੇ ਹਨ ਅਤੇ ਸੰਸਾਰ ਸਮੁੰਦਰ ਤੋਂ ਪਾਰ ਲੰਘ ਜਾਂਦੇ ਹਨ। ਉਹ ਹੀ ਪਰਮਾਤਮਾ ਦੇ ਭਗਤ ਕਹੇ ਜਾ ਸਕਦੇ ਹਨ -

ਜਿਨ ਕੈ ਹਿਰਦੈ ਤੂ ਸੁਆਮੀ ਤੇ ਸੁਖ ਫਲ ਪਾਵਹਿ
ਤੇ ਤਰੇ ਭਵ ਸਿੰਧੁ ਤੇ ਭਗਤ ਹਰਿ ਜਾਨ।।
ਤਿਨ ਸੇਵਾ ਹਮ ਲਾਇ ਹਰੇ ਹਮ ਲਾਇ ਹਰੇ,
ਜਨ ਨਾਨਕ ਕੇ ਹਰਿ ਤੂ ਤੂ ਤੂ ਤੂ ਤੂ ਭਗਵਾਨ।।
(ਕਾਨੜਾ ਮ: ੪, ਪੰਨਾ ੧੨੯੮)

ਅੰਤ ਵਿੱਚ ਇਹ ਕਿਹਾ ਜਾ ਸਕਦਾ ਹੈ ਕਿ ਇਸ ਵਿਕਾਰਾਂ ਭਰੇ ਜਗਤ ਵਿੱਚ ਪਰਮਾਤਮਾ ਦਾ ਨਾਮ ਸਿਮਰਨ ਕਰਨਾ, ਪਰਮਾਤਮਾ ਦੀ ਸਿਫਤਿ ਸਾਲਾਹ ਕਰਨੀ ਹੀ ਸਭ ਤੋਂ ਸ੍ਰੇਸ਼ਟ ਕਰਨ-ਜੋਗ ਕੰਮ ਹੈ-

ਹਰਿ ਕੀਰਤਿ ਉਤਮੁ ਨਾਮੁ ਹੈ
ਵਿਚਿ ਕਲਿਜੁਗ ਕਰਣੀ ਸਾਰੁ।।
(ਪੰਨਾ ੧੩੧੪)

♦♦♦♦♦



www.AKJ.Org

# GURU KA LANGAR

(S. MANMOHAN SINGH, U.S.A.)

It is an established truth that the food one eats does not only affect the body's health but also influences one's mind and thinking. That is why Sahib Sri Guru Nanak Dev Ji has forbidden eating food which makes the body writhe in pain and fill the mind with evil. That is why he refused to accept the most nourishing and dainty dishes prepared in the house of Malik Bhago but preferred the simple dry food prepared by the so called low-caste carpenter, Bhai Lalo. Similarly, Sahib Sri Guru Gobind Singh Ji refused to drink water brought by a young man who had never done any service to anyone in his life. Thus, in the Gursikh way of life it is not only the nutrient value of the food that matters but, more importantly, who has prepared it and who serves it. **Guru-Ka-Langar, whether prepared in the Gurdwara or in the household of a Sikh can be called Guru-Ka-Langar only if it is prepared by Guru-Ke-Sikhs**. This may be the one reason why Sahib Sri Guru Gobind Singh Ji asked the recipients of the holy Amrit to share food among them selves in the same plate, but forbade them to do so with non-Amritdharis. One of the edicts given at the Baptismal ceremony is :

**Gursikh di roti beti di saanjh Gursikh naal.**

The Gursikhs have to share food and establish marital relationship with Gursikhs only.

This edict is enjoined upon all the baptized Sikhs at the Baptismal ceremony at every Amrit Sanchar in the Panth irrespective of organisations or Jathas arranging it. It is further supported by the following quotation from Rahitnamaa:

**Jay Kurahtieye Jag Darsaawat.**
**Pahul Peeay Kukaram Kamaavat,**
**Tin So Vartan Nahe Milaawey,**
**Rahey Nirlep Param Sukh Paavey.**

(Rahitnamaa Bhai Desa Singh Ji)

Gursikhs are not to socialize or associate with those who have become apostates. Only then will they lead unaffected and happy lives.

Incidently, the above quotation brings out another important point; that even one who has taken Amrit once can become a non-Amritdhari if he commits any of the four Cardinal Sins or big Don'ts.

It is, therefore, clear from the above that if a Sikh is to strictly follow the commandments or Code of Conduct enunciated at the time of partaking of Amrit, he has to share food and keep relationships with Gursikhs (i.e., Amritdharis) only. There is no *'elitism'* or *'communalism'* in it. In fact, it is a practice ordained by Guru Sahib himself. It does not reek of Hinduism or Brahminism, as some people say. In the case of Brahminism, the low-caste people remain untouchable throughout their lives simply because of the accident of their birth, and there is no means by which they can be upgraded and made acceptable with respect to sharing food with them. In Sikhism, all people, irrespective of their caste, religion, race, country, etc., are welcome to the Khalsa fold. Once they become Khalsa after taking Amrit, they are then an integral part of Khalsa Panth, and it is always a privilage to share food and contract marital relationship with them, whatever may have been their original faith, race, etc. In fact, this is the holy


www.AKJ.Org

way employed by the Satguru for the uplift of humanity.

Much fuss is made on this point because at the congregations of the Akhand Kirtani Jatha, the Guru-Ka Langar is generally prepared by Guru-Ke-Sikhs (Amritdharis) only. Bhai Sahib Randhir Singh followed this rule strictly and, in addition, had his food prepared in All-Steel vessels. This practice is referred to as Bibek in Sikhism. This tradition of being an All-Steel Bibeki is not an innovation of Bhai Randhir Singh or any other person. It has been in vogue right from the time of Sahib Sri Guru Gobind Singh Ji, who himself set this precept by using all-steel vessels and Khanda for the preparation of the Holy Amrit given to the original Panj Pyaras at the time of the Birth of the Khalsa on Baisakhi of 1699 A.D. Since then, certain sections of devout Singhs have been following this principle until even today, not simly for preparing Amrit, but also for preparing food.

Who is a Bibeki Singh ? Bhai Sahib Kahan Singh of Nabha, in his Encyclopedia of Sikh Literature on page 863 defines Bibeki as *"....a Sikh who is strict and steadfast in following the principles of Sikh Dharma."* The terms 'Bibek' and 'Vivek' are synonymous and have the same meaning i.e. 'sense of discrimination.*'In Gurmat, it implies the unquestionable adherence to the command of the Satguru.'*

**Satgur Bachan Kamaavenay,**
**Sachaa Eho Vichaar.** (Page .52)

Practice of the True Guru's commands is the only true philosophy.

Thus, in Sikhism, a Bibeki is a person who adheres strictly to and regulates his life in accordance with the Guru's commandments.

Generally, people do not grasp the true meaning of the terms Amritdhari and non-Amritdhari Sikhs. The phrase non-Amritdhari Sikhs is meaningless. One cannot make a comparison between them. There is only one class of Sikhs and that class is the SIKH (Khalsa). Thus, one is either a Sikh or not a Sikh. Who is a Sikh ? The literal meaning of the word Sikh is a *'disciple.'* A Sikh is one who is disciple of the Satguru. To be a disciple of the Satguru, one must completely surrender one's will and wisdom to the Will and Wisdom of the Satguru. Only then, the Satguru admits one in his fold as a *'Sikh'* and blesses him with the holy Naam. This initiation ceremony was previously referred to as the 'deekhya' or 'charan pahul' and has been prevalent right from the time of Sahib Sri Guru Nanak Dev Ji, as supported by Bhai Gurdas Ji:

**Gur Deekhya Lai Sikh, Sikh Sadaayaa.**
(Var 3, Pauri 11)

One is called a Sikh only after he has been blessed with *'deekhya'*.

**Charan Dhoe Rehraas Kar**
**Charnamrit Gursikhaan Pilaaayaa**
(Var 1, Pauri 23)

(Guru Nanak) followed the system of washing the Guru's Feet and blessing the Gursikhs with the Charanamrit (Charan-Pahul).

Sahib Sri Guru Gobind Singh Ji prescribed specific rules and regulations which must be unconditionally accepted by the candidates before they can be admitted as disciples (Sikhs). The ceremony by which the Panj Pyaras are authorized by the Satguru to admit such persons in the fold of Sikhism is partaking 'Khande-


www.AKJ.Org

Ki-Pahul' or Amrit. Therefore, according to the commandment of the Satguru, one can become a Sikh of the Guru only by taking Amrit. Such a person is also called an `Amritdhari' because he has been blessed with the holy Amrit and has, thus, become a Sikh. It is further explicit from the following couplet from Rahitnamaa of Bhai Desa Singh Ji:

Pratham Rahit Yeh Jaan, Khande-Ki-Pahul Chhakey.

Soee Sikh Sujaan, Avar Naa Pahul Jo Lai.

The primary Rahit for a Sikh is to take `Khande-Ki-Pahul'.

And, only he is a sagacious Sikh.

Now consider this point from another angle. If someone belonging to other faiths like Christianity, Islam, Hinduism, etc., wishes conversion into Sikhism, what is he required to do ? Does he become a Sikh by merely refraining from cutting his hair and wearing a turban as Sikhs do ? Obviously not. (There are a number of such people with long hair, and even wearing turbans, belonging to faiths other than Sikhism). He has necessarily to partake the holy Amrit to become a Sikh. How can, then, one become a Sikh simply because of accident of birth, without being baptized? This point has also been explicitly made clear by the Satguru himself as :

**So Sikh Sakhaa Bandhap Hai Bhai,**
**Jay Gur Ke Bhaaney Vich Aavey**
**Aapney Bhaaney Jo Chaley Bhai,**
**Vichhar Chotaan Khaavey.** (Page 601)

Only that person is a Sikh and he is my near and dear one, who comes under the total allegiance of the Guru. As against this, one, who owes allegiance only to his personal will, always remains in separation and will suffer.

Even in the booklet entitled Sikh Rahit Maryada published by the S.G.P.C., a Sikh has been defined as under :

*"...jo Dashmesh ji dey Amrit utay nischa rakhdaa hai atey kisey hor dharam nu nahin manadaa, oh Sikh hai."*

*"...and has full faith in the Amrit of the Tenth Guru and does not believe in any other faith, is a Sikh."*

Clearly, therefore, being a non-Amritdhari means that one has not yet declared his total allegiance and obedience to Sahib Sri Guru Nanak Dev Ji/Sri Guru Gobind Singh Ji/Sri Guru Granth Sahib Ji as his Guru. Nor has he been blessed with the Gurmantra or Naam which is given ONLY at the time of baptism by Guru Sahib himself through the Panj Pyaras. Sahib Sri Guru Gobind Singh Ji himself put a seal on this point by bowing before the Panj Pyaras for his own baptism. Are these so-called non-Amritdhari *"Sikhs"* greater than even Sahib Sri Guru Gobind Singh Ji, that they call themselves full-fledged Sikhs without being baptized ?

It is thus, abundantly clear that the non-Amritdharis, even though they may claim to be Sikh, and are also considered Sikhs politically and socially, are not Sikhs in the true sense and in the eyes of the Satguru. In Gurbani, they are referred to as (a) Nigurey; (b) Gurmantar heenus; (c) Sakat; (d) Manmukhs or Vemukh, and (e) Vedeen (Faithless), etc. howsoever prominent or outstanding they may be in the social and public life of the community.

Gurbani defines such terms as under :

(a) **Nigurey :** One who has not become disciple of the Guru.

**Nigurey Ko Gat Kaaee Naahee.**
**Avgann Muthhey, Chotaan Khahee.**
(Pg. 361)



www.AKJ.Org

For him who is without the Guru, there is no liberation. Deluded by evil propensities, he suffers.

**Satgur Bajhon Gur Nahi Koee**
**Nigurey Kaa Hai Naao Bura.**
(Page 435)

Without the True Guru (i.e. Guru Nanak), there is not another Guru. And one without the Guru is known as evil.

(b) **Gurmantar-heenus** : One who has not been blessed with the Gurmantra (Naam).

**Gurmantar-Heenus Jo Praani**
**Dhrigant Janam Bharashtneh.**
**Kookreh Sookreh Gardbeh**
**Kaakeh Sarpaneh Tul Khaleh**
(Pg. 1356-1357)

One who is without the Gurmantra, is the most accursed, and contaminated is his life. He is like a dog, a swine, an ass, a crow a snake, and a blockhead.

(c) **Saakat** : Infidel

**Saakat Suaan Kaheeyey Baho Lobhee,**
**Baho Durmat Mael Bhareejey.** (Pg.1326)

The dog like infidel is said to be very avaricious and is full to the brim of evil thoughts.

**Saakat Besuva Poot Ninaam** (Pg.1239)

The infidel is nameless like prostitute's son.

(d) **Manmukh** : One who follows his own will; the egocentric.

**Manmukh Oodha Kowl Hai,**
**Na Tis Bhagat Na Naao.** (Pg.511)

The egocentric person (i.e. Manmukh) is like a reversed lotus and possesses neither devotion nor God's name.

**Manmukh Seti Sang Karey,**
**Muh Kalakh Daag Lagaaey** (Pg. 1417)

Whosoever associates with an egoist, to his countenance attaches the stigma of blackness.

**Manmukh Naam Na Jannani,**
**Vinn Naavey Pat Jaaey....**
**Vishta Kay Keeray Pavey Wich Vishta**
**Se Vishta Mahe Samaaye.** (Pg. 28)

The egocentrics know not the Naam, and without Naam lose their honor....

They are worms of excrement, fall in excrement, and get absorbed in excrement.

(e) **Vedeen** : The faithless; the irreligious.

**Choraan, Jaaran, Randiaan,**
**Kuttaneeya Di Baan.**
**Vedinaa Ki Dosti Vedinaa Ka Khaann**
**Sifti Saar Naa Jannani,**
**Sada Vasey Saitaan.** (Pg.790)

It is the habit of thieves, adulterers, prostitutes, and pimps that they contract friendship with the irreligious or faithless and eat their food; they know not the worth of God's praise and Saitaan ever abides within them.

The above are only a few of the numerous quotations from Gurbani and are self-explanatory and need no further comment. Evidently then, the Sikhs of the Satguru have to avoid the food prepared and served by them whether in the Gurdwaras or in their social gatherings, in the interest of the upliftment of their souls and the enjoyment of the Bliss of Naam Simran. This practice is not confined to the Akhand Kirtani Jatha alone. Even in the Langar premises of Sri Harmandir Sahib (Golden Temple) at Amritsar, a notice painted in bold letters in Punjabi, hangs prominently near the kitchen stating that the "SEWA OF THE PREPARATION OF LANGAR BE DONE BY THE AMRITDHARI SIKHS - MEN AND WOMEN. NON-AMRITDHARIS MAY DO THE SEWA OF CLEANING THE UTENSILS, KITCHEN, HALL, ETC.,"

Thus in trying to follow this practice, the Akhand Kirtani Jatha is simply trying to follow the edict of Gurmat in respect of food and not out of any superiority complex or hatred for others. ♠♠♠♠♠


www.AKJ.0rg

# ਬਾਬਾ ਰਾਮ ਸਿੰਘ ਅਤੇ ਮਾਈ ਪ੍ਰੇਮ ਕੌਰ ਜੀ

(ਭਾਈ ਸਾਹਿਬ ਰਣਧੀਰ ਸਿੰਘ ਜੀ)

ਇਹ ਦੋਵੇਂ ਗੁਰਮੁਖ ਪਿਆਰੜੀਆਂ ਰੂਹੜੀਆਂ ਜਿੰਦਾਂ ਪਿੰਡ ਫਲੇਵਾਲ ਦੇ ਵਸਨੀਕ ਸਨ, ਜੋ ਨਾਰੰਗਵਾਲ ਤੋਂ ਤਿੰਨ ਮੀਲ ਦੇ ਫਾਸਲੇ ਤੇ ਦੱਖਣ ਵੱਲ ਹੈ। ਸਿਰੀ ਬਾਬਾ ਰਾਮ ਸਿੰਘ ਜੀ ਫ਼ੌਜ ਵਿੱਚ ਮੁਲਾਜ਼ਮ ਸਨ। ੩੩ ਸਾਲ ਦੀ ਉਮਰ ਵਿੱਚ ਹੀ ਮੁਲਾਜ਼ਮਤ ਛੱਡ ਆਏ। ਉਹਨਾਂ ਨੂੰ ਮੁੱਢ ਤੋਂ ਹੀ ਪ੍ਰਮਾਰਥ ਦਾ ਪ੍ਰੇਮ-ਵੈਰਾਗ ਬੜੀ ਪ੍ਰਬਲ ਦਸ਼ਾ ਵਿੱਚ ਰਹਿੰਦਾ ਸੀ। ਚਿਰ ਤੋਂ ਇਨ੍ਹਾਂ ਦਾ ਖਿਆਲ ਸੀ ਕਿ ਕਿਸੇ ਨਾਮ ਬਾਣੀ ਦੇ ਰਸੀਏ, ਗੁਰਮੁਖ ਪੰਜਾਂ ਪਿਆਰਿਆਂ ਦੇ ਜੱਥੇ ਤੋਂ, ਜੋ ਗੁਰਮਤਿ ਰਹਿਣੀ ਬਹਿਣੀ ਤੇ ਪੂਰੇ ਸੂਰੇ ਹੋਣ, ਅੰਮ੍ਰਿਤ ਪਾਨ ਕੀਤਾ ਜਾਵੇ ਅਤੇ ਗੁਰਮੰਤ੍ਰ ਗੁਰਦੀਖਿਆ ਲੈ ਕੇ ਨਾਮ ਅਭਿਆਸ ਵਿੱਚ ਹਮਾਤਨ ਹੋ ਕੇ ਜੁਟਿਆ ਜਾਵੇ। ਮੁਲਾਜ਼ਮਤ ਛੱਡਣ ਤੋਂ ਕੁੱਝ ਦਿਨ ਪਹਿਲਾਂ ਇਨ੍ਹਾਂ ਨੂੰ ਸੁਪਨ-ਸਾਰਖਾ ਚਮਤਕਾਰ (vision) ਹੋਇਆ ਕਿ *"ਜਿਸ ਲੋਚਾ ਨੂੰ ਤੁਸੀਂ ਲੋਚਦੇ ਹੋ, ਉਹ ਤੁਹਾਡੀ ਲੋਚਾ (ਇੱਛਾ) ਨਿਰਬਾਣ ਕੀਰਤਨੀ, ਨਾਮ ਅਭਿਆਸੀ ਜੱਥੇ ਵਿੱਚ ਪੂਰੀ ਹੋਵੇਗੀ। ਉੱਥੇ ਖ਼ੂਬ ਗਹਿਗਹੇ ਰੰਗ ਚੜ੍ਹਨਗੇ। ਉਥੇ ਜਾਓ ! ਖ਼ੂਬ ਸੇਵ ਕਮਾਓ !! ਜੱਥੇ ਵਿੱਚ ਰਲ ਕੇ ਘੁਲ ਮਿਲ ਵਿੱਚ ਹੋ ਜਾਓ।"*

ਸਿਰੀ ਬਾਬਾ ਰਾਮ ਸਿੰਘ ਜੀ ਨੂੰ ਇਸ ਚਮਤਕਾਰਕ ਖੇਡ ਦਾ ਵਰਤਣਾ ਹੀ ਸੀ ਕਿ ਇਹ ਫੌਰਨ ਸਰਕਾਰੀ ਨੌਕਰੀ ਨੂੰ ਤਲਾਂਜਲੀ ਦੇ ਕੇ ਘਰ ਆ ਗਏ। ਘਰ ਵੀ ਇਹ ਪਿੰਡ ਵਿੱਚ ਗੁਜ਼ਾਰੇ ਜੋਗੀ ਜ਼ਮੀਨ ਦੇ ਮਾਲਕ ਸਨ। ਇਨ੍ਹਾਂ ਦੀ ਇਕੋ ਇੱਕ ਪਤਨੀ ਹੀ ਇਨ੍ਹਾਂ ਦਾ ਪਰਵਾਰ ਸੀ। ਪਤਨੀ ਬੜੀ ਆਗਿਆਕਾਰ ਸੀ। ਦੋਵਾਂ ਨੇ ਪ੍ਰਸਪਰ ਸਹਿਮਤ ਹੋ ਕੇ ਜਹਾਜ਼ੇ ਚੜ੍ਹਨਾ ਮਿੱਥ ਲਿਆ। ਸੋ ਸ਼ੁੱਭ ਅਵਸਰ ਜੁੜਨ ਪਰ, ਇਨ੍ਹਾਂ ਦੋਹਾਂ ਨੇ ਖੰਡੇ ਦਾ ਅੰਮ੍ਰਿਤ ਛਕ ਲਿਆ। ਸਿਰੀ ਬਾਬਾ ਰਾਮ ਸਿੰਘ ਦਾ ਨਾਉ ਤਾਂ ਪਹਿਲਾਂ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚੋਂ ਰੱਖਿਆ ਹੋਇਆ ਸੀ, ਇਸ ਲਈ ਇਨ੍ਹਾਂ ਦਾ ਨਾਉਂ ਇਹੀ ਰਹਿਆ। ਇਨ੍ਹਾਂ ਦੀ ਪਤਨੀ ਦਾ ਨਾਉਂ ਮਾਈ ਪ੍ਰੇਮ ਕੌਰ ਹੋ ਗਿਆ। ਫੇਰ ਆਯੂ ਪ੍ਰਯੰਤ ਮਾਈ ਪ੍ਰੇਮ ਕੌਰ ਨਾਮ ਨਾਲ ਪ੍ਰਸਿੱਧ ਰਹੇ। ਜੱਥੇ ਦੇ ਅਸੂਲਾਂ ਅਨੁਸਾਰ ਇਨ੍ਹਾਂ ਦੇ ਫੇਰੇ ਘੇਰੇ ਉਧੇੜ ਕੇ ਗੁਰਮਤਿ ਅਨੁਸਾਰ ਪੁਨਰ ਅਨੰਦ-ਵਿਵਾਹ ਦੋਹਾਂ ਦਾ ਕੀਤਾ ਗਿਆ। ਇਸ ਸਮੇਂ ਤੋਂ ਲੈ ਕੇ ਇਹ ਦੰਪਤਿ ਜੋੜੀ, ਸੰਗਤਾਂ ਦੀ ਸੇਵਾ ਭਾਵ ਆਨੰਦ ਵਿੱਚ ਸਦੀਵੀ ਹੀ ਤਤਪਰ ਰਹੀ। ਨਾਮ ਜਪਣ, ਹੱਥੀਂ ਸੇਵਾ ਕਰਨ, ਵੰਡ ਛਕਣ, ਲੰਗਰ ਚਲਾਵਣ ਵਿੱਚ ਇਹ ਜੋੜੀ ਆਪਣੀ ਮਿਸਾਲ ਆਪ ਹੀ ਸਨ। ਦੋਹਾਂ ਦਾ ਸ਼ਾਂਤ-ਸਤੋ-ਗੁਣੀ ਸੁਭਾਵ, ਸਤ ਸੰਤੋਖ ਵਿੱਚ ਨਿਪੁੰਨ ਪੂਰੀ ਭਾਉ ਭਾਵਨੀ ਸਹਿਤ ਸੰਗਤਾਂ ਦੀ ਹੱਥੀਂ ਸੇਵਾ ਕਰਨ ਵਿੱਚ ਆਯੂ ਪ੍ਰਯੰਤ ਜੁੱਟੇ ਰਹੇ। ਕਦੇ ਅੱਕਣ ਨਹੀਂ, ਕਦੇ ਥੱਕਣ ਨਹੀਂ, ਸੀਲ ਸੁਭਾਵ ਐਸਾ ਕਿ ਸਭਨਾਂ ਦੇ ਬੋਲ ਕਬੋਲ ਝੱਲਣੇ, ਅਗੋਂ ਉਫ਼ ਨਹੀਂ ਕਰਨੀ। ਬਰਸਾਂ ਬੱਧੀ ਅਖੰਡ ਪਾਠ ਸਮਾਗਮਾਂ ਤੇ ਅਤੁੱਟ ਲੰਗਰ ਸਜਾਉਣਾ, ਵਰਤਾਉਣਾ, ਸੰਗਤਾਂ ਨੂੰ ਛਕਾਉਣਾ ਇਨ੍ਹਾਂ ਦਾ ਪ੍ਰੇਮ-ਭੂਸ਼ਨੀ-ਆਹਰ ਰਿਹਾ। ਕਦੇ ਵੀ ਲੰਗਰ ਵਿੱਚ ਤੋਟ ਨਾ ਆਈ। ਚਾਹੇ ਕਿਤਨੀਆਂ ਸੰਗਤਾਂ ਫ਼ੌਜਾਂ ਆ ਕੇ ਗਫੇ ਲਾਵਣ। ਇਨ੍ਹਾਂ ਦੇ ਨਿਮਰੀ ਸੁਭਾਅ ਦਾ ਸਦਕਾ ਛਕਣਹਾਰਿਆਂ ਦੇ ਅੰਦਰ ਇੱਕ ਆਕਰਖਣ ਸ਼ਕਤੀ ਨਾਲ ਨਿਮ੍ਰਤਾ ਪ੍ਰਵੇਸ਼ ਹੋ ਜਾਂਦੀ ਸੀ। ਅੰਮ੍ਰਿਤ ਬਚਨ ਵਾਲਿਆਂ ਦੇ ਹੱਥੋਂ ਅੰਮ੍ਰਿਤ ਭੋਜਨ ਛੱਕਣ ਦਾ ਅੰਮ੍ਰਿਤੀਂ ਪ੍ਰਭਾਵ ਹੀ ਪ੍ਰਭਾਵਤ ਹੁੰਦਾਂ ਰਿਹਾ। ਇੱਕ ਛਿਨ ਵੀ ਇਨ੍ਹਾਂ ਦੀ ਨਾਮ ਅਭਿਆਸ ਸਿਮਰਨ ਤੋਂ ਖਾਲੀ ਨਹੀਂ ਜਾਂਦੀ ਸੀ। ਲੰਗਰ ਦੀ ਸੇਵਾ ਨਿਭਾਉਂਦੇ ਹੋਏ, ਨਾਲ ਨਾਲ ਨਾਮ ਦਾ ਖੰਡਾ ਵੀ ਖੜਕਾਉਂਦੇ ਰਹਿੰਦੇ ਸਨ। ਕਈ ਸਮੇਂ ਐਸੇ ਦੇਖੇ ਗਏ ਕਿ ਲੰਗਰ ਵਿੱਚ ਬੈਠੇ ਬਿਠਾਇਆਂ ਇਨ੍ਹਾਂ ਨੇ ਸਮਾਧ-ਸਥਿਤ ਹੋ ਜਾਣਾ। ਹਮੇਸ਼ਾਂ ਖਾਸ ਖਿਆਲ ਰੱਖ ਕੇ ਅਖੰਡ ਪਾਠ ਅਤੇ ਅਖੰਡ-ਕੀਰਤਨ-ਮੰਡਲ ਦੇ ਨਿਕਟ ਹੀ ਇਨ੍ਹਾਂ ਦਾ ਲੰਗਰ-ਅਸਥਾਨ ਹੋਇਆ ਕਰਦਾ ਸੀ। ਅੰਮ੍ਰਿਤ ਬਾਣੀ ਸੇਵਾ ਕਰਦਿਆਂ ਹੋਇਆਂ ਇਨ੍ਹਾਂ ਦੀ ਕੰਨੀਂ ਪੈਂਦੀ ਰਹਿਣੀ, ਜਿਸ ਕਰਕੇ ਅੰਮ੍ਰਿਤ-ਕਲਾ ਐਸੀ ਵਰਤਣੀ ਕਿ ਇਨ੍ਹਾਂ ਦੇ ਅੰਮ੍ਰਿਤ ਬੁਰੱਕੜੇ ਨੂਰਾਨੀ ਚੇਹਰੇ ਤੱਕ ਤੱਕ ਹੀ ਦ੍ਰਿਸ਼ਟੇ ਜਨਾਂ ਦੀ ਰੁਮਾਲੀ ਅੰਦਰ ਜੀਵਨ-ਅਨੰਦ ਦੀ ਲਹਿਰ ਵਿ[illegible] ਜਾਂਦੀ ਸੀ। ਵਾਧਾ ਇਹ ਕਿ ਇਹ "ਏਕ ਜੋਤਿ ਦੁ[illegible] ਮੂਰਤੀ" ਵਾਲੀ ਧੰਨ-ਪਿਰੀ ਜੋੜੀ ਅੱਖਰਾਂ ਵਲੋਂ



www.AKJ.Org

ਅਨਪੜ੍ਹ ਹੀ ਸੀ, ਗੁਰਬਾਣੀ ਦਾ ਪਾਠ ਗੁਟਕੇ ਤੋਂ ਵੀ ਨਹੀਂ ਕਰ ਸਕਦੇ ਸੀ। ਪ੍ਰੰਤੂ :

ਜੋ ਪ੍ਰਾਣੀ ਗੋਵਿੰਦੁ ਧਿਆਵੈ ॥

ਪੜਿਆ ਅਣਪੜਿਆ ਪਰਮ ਗਤਿ ਪਾਵੈ ॥੧॥ (ਪੰਨਾਂ ੧੯੭)

ਗੁਰਵਾਕ ਦੇ ਭਾਵ ਅਨੁਸਾਰ, ਅਨਪੜ੍ਹ-ਪੜ੍ਹਿਆਂ ਦੀ ਇਹ ਨਾਮ ਅਭਿਆਸੀ ਜੋੜੀ ਅਨੇਕਾਂ ਪੜ੍ਹਿਆਂ ਨਾਲੋਂ ਅਧਿਕ ਗੁਰ-ਗੰਮਿਤ ਤੱਤ ਵਾਲਾ ਆਤਮ-ਪਰਮਾਤਮੀ ਗਿਆਨ ਰੱਖਦੀ ਸੀ, ਹਰ ਵਕਤ ਹੀ ਮਗਨ-ਅਨੰਦ ਰਹਿਣਾ, ਜਿਸ ਕਿਸੇ ਨੇ ਲੰਗਰ ਦੇ ਵਿੱਚ ਆ ਕੇ ਇਨ੍ਹਾਂ ਦੇ ਪਾਸੋਂ ਕੋਈ ਸ਼ੈ ਤਲਬ ਕਰਨੀ, ਇਨ੍ਹਾਂ ਨੇ ਬੜੀ ਮਿੱਠੀ ਧੁਨੀ ਵਿੱਚ ਸਵੀਕਾਰਤਾ ਸਹਿਤ ਆਗਿਆ ਪਾਲਨ ਕਰਨੀ। ਐਸਾ ਸਬਰ ਸੰਤੋਖ ਅਤੇ ਸਹਿਨ-ਸ਼ੀਲਤਾ ਵਾਲਾ ਗੁਣ ਵਿਰਲੇ ਗੁਰਸਿੱਖਾਂ ਵਿੱਚ ਹੀ ਅੱਜ ਤਾਂਈਂ ਪੇਖਨ ਵਿੱਚ ਆਇਆ ਹੈ। ਘਰ ਦੀ ਕਮਾਈ, ਖੇਤੀ-ਬਾੜੀ ਸਭ ਜੋਖੋਂ, ਇਨ੍ਹਾਂ ਨੇ ਸੁਲੇਖੇ (ਗੁਰੂ ਲੇਖੇ) ਲਾ ਕੇ ਸੰਗਤਾਂ ਨੂੰ ਸਮਰਪਨ ਕਰ ਦੇਣੀ। ਇਨ੍ਹਾਂ ਨੂੰ ਸਤਿਗੁਰੂ ਨੇ ਇੱਕ ਐਸੀ ਲਵੇਰੀ ਗਊ ਬਖਸ਼ੀ ਹੋਈ ਸੀ ਜਿਸ ਨੇ ਸਾਰਾ ਸਾਲ ਸਮੁੰਦਰ (ਦੁੱਧ) ਦੇਂਦੇ ਰਹਿਣਾ, ਜਦੋਂ ਚਾਹੋ ਅਤੇ ਜਿਸ ਵੇਲੇ ਲੋੜ ਪਵੇ ਧਾਰ ਚੋ ਲੈਣੀ, ਚਾਹੇ ਅੱਧੀ ਰਾਤ ਗਈ ਤੇ ਘਰ ਪ੍ਰਾਹੁਣੇ ਆ ਜਾਣ ਓਦੋਂ ਹੀ ਇਸ ਗਊ ਨੇ ਮਿਲ ਪੈਣਾ ਅਤੇ ਦੁੱਧ ਦੇ ਦੇਣਾ। ਇਸ ਗਊ ਦਾ ਨਾਉਂ ਅਸੀਂ ਸਾਰੇ ਜਥੇ ਵਾਲਿਆਂ ਨੇ *'ਸੂਰਾ ਗਊ'* ਰੱਖਿਆ ਹੋਇਆ ਸੀ। ਨਾਮ ਜਪਦੇ ਜਪਦੇ ਮਾੜੀਆਂ ਜਿਹੀਆਂ ਕਣੀਆਂ ਪੈਣ ਤੇ ਹੀ ਆਪਣੀ (ਧਰਤੀ ਵਿੱਚ) ਜਿਸ ਫ਼ਸਲ ਦਾ ਬੀਜ ਬੋਣਾ, ਨਾਲ ਦੇ ਖੇਤਾਂ ਵਾਲਿਆਂ ਨਾਲੋਂ ਦੁਗਣਾ ਚੌਗਣਾ ਹੋ ਕੇ ਉਗਣਾ, ਐਸੀ ਬਰਕਤ ਸੀ-ਇਨ੍ਹਾਂ ਦੀ ਕਮਾਈ ਵਿੱਚ। ਇਨ੍ਹਾਂ ਦੀ ਖੇਤੀ-ਬਾੜੀ ਤੋਂ ਉਗਵੇ ਹੋਏ ਸਾਬਤ ਮਾਂਹ ਸੰਗਤ ਵਿੱਚ ਮਸ਼ਹੂਰ ਸਨ। ਸਾਬਤੇ ਮਾਂਹ ਦਾ ਦਾਲਾ ਸਰਬ ਲੋਹ ਦੇ ਕੜਾਹਿਆਂ ਵਿੱਚ ਰਿੰਨ੍ਹ ਕੇ ਨਾਮ ਅਭਿਆਸੀ ਸੁਰਤੀ ਬਿਰਤੀ ਨਾਲ ਵਿੰਨ੍ਹ ਕੇ, ਤਿਆਰ ਕਰਕੇ ਸੰਗਤਾਂ ਨੂੰ ਪ੍ਰਸ਼ਾਦੇ ਨਾਲ ਛਕਾਉਣਾ, ਦਾਲਾ ਮੂੰਹੋਂ ਨਾ ਲਹਿਣਾ। ਬੜਾ ਹੀ ਸਵਾਦਲਾ, ਰਸ ਬਿਸਮਾਦ ਚਖਾਉਣਾ ਇਹ ਮਾਂਹ ਦਾ ਦਾਲਾ ਹੋਇਆ ਕਰਦਾ ਸੀ। ਰੱਜ ਰੱਜ ਕੇ ਸੰਗਤਾਂ ਨੇ ਛਕਣਾ, ਕਦੇ ਤੋਟ ਨਾ ਆਉਣੀ, ਚਾਹੇ ਪੂਰਾਂ ਦੇ ਪੂਰ ਸੰਗਤਾਂ ਦੇ ਆ ਜਾਣ।

ਮਾਈ ਪ੍ਰੇਮ ਕੌਰ ਜੀ ਤਾਂ ਸਧਾਰਨ ਬਿਰਤੀ ਵਾਲੀ, ਐਸੀ ਨਾਮ ਅਭਿਆਸਣੀ ਗੁਰਮੁਖ ਮਾਈ ਸੀ ਕਿ ਲਗਾਤਾਰ ਇਸ ਬਿਧ ਸੇਵਾ ਨਿਬਾਹੁੰਦਿਆਂ ਨਿਬਾਹੁੰਦਿਆਂ ਇਸ ਮਾਈ ਜੀ ਨੂੰ ਆਗਮ ਨਿਗਮ ਦੀ ਸੋਝੀ ਹੋ ਗਈ ਸੀ। ਉਹ ਅਸਾਂਨੂੰ ਇਸ ਤਰ੍ਹਾਂ ਪਤਾ ਲੱਗਾ ਕਿ ਅਸੀਂ ਜਦੋਂ ਭੀ, ਜਿਸ ਦਿਨ ਨਾਰੰਗਵਾਲ ਤੋਂ ਫੱਲੇਵਾਲ ਨੂੰ ਜਾਣਾ, ਚਾਹੇ ਕਿਸੇ ਵੇਲੇ ਜਾਈਏ, ਅਗੋਂ ਮਾਈ ਜੀ ਨੇ ਸਾਡੇ ਛਕਣ ਲਈ ਲੱਸੀ ਅਤੇ ਮਿੱਸੇ ਪ੍ਰਸ਼ਾਦੇ ਤਿਆਰ ਕਰ ਦੇਣੇ। ਇਸੇ ਪ੍ਰਕਾਰ ਅਨੇਕਾਂ ਵਾਰ ਐਸਾ ਹੀ ਹੋਇਆ। ਇੱਕ ਵਾਰ ਅਸੀਂ ਪ੍ਰੇਮ ਗੁਫਤਾਰ ਕਰਦੇ ਕਰਦੇ ਮਾਈ ਜੀ ਤੋਂ ਪੁੱਛ ਬੈਠੇ ਕਿ ਜਦੋਂ ਵੀ ਅਸੀਂ ਇੱਥੇ ਆਉਂਦੇ ਹਾਂ, ਚਾਹੇ ਕਿਸੇ ਵੇਲੇ ਆਈਏ, ਤੁਸੀਂ ਸਾਡੇ ਆਇਆਂ ਨੂੰ ਸੱਜਰਾ ਆਹਾਰ ਰੱਖਦੇ ਹੋ, ਤੁਹਾਨੂੰ ਇਹ ਕਿਵੇਂ ਪਤਾ ਲੱਗਦਾ ਹੈ। ਤਾਂ ਮਾਈ ਜੀ ਨੇ ਹੱਸਦੇ ਹੱਸਦੇ ਭਾਈ ਸਰਵਣ ਸਿੰਘ ਜੀ ਦੇ ਉੱਪਰ ਗੱਲ ਟਾਲ ਦਿੱਤੀ ਅਤੇ ਉਨ੍ਹਾਂ ਦੇ ਹੀ ਮੱਥੇ ਮੜ੍ਹ ਦਿੱਤੀ। (ਭਾਈ ਸਰਵਣ ਸਿੰਘ ਜੀ ਪਾਸ ਹੀ ਬੈਠੇ ਸਨ)। ਮਾਈ ਕਹਿਣ ਲੱਗੀ, *"ਬਾਈ, ਮੈਨੂੰ ਤਾਂ ਸਰਵਣ ਸਿੰਘ ਹੀ ਦੱਸ ਦਿੰਦੇ ਹਨ ਕਿ ਮਾਈ ਪ੍ਰਸ਼ਾਦੇ ਆਦਿ ਤਿਆਰ ਕਰੋ, ਬਾਈ ਜੀ ਆ ਰਹੇ ਹਨ। (ਓਦੋਂ ਮੈਨੂੰ ਸਾਰੇ ਜਥੇ ਵਾਲੇ ਸਿੰਘ ਪ੍ਰਸਪਰ ਬਾਈ ਜੀ ਦੇ ਨਾਮ ਨਾਲ ਮੁਖ਼ਾਤਬ ਕਰਕੇ ਪੁਕਾਰਿਆ ਕਰਦੇ ਸਨ)। ਓਦੋਂ ਹੀ ਮੈਨੂੰ ਭਾਈ ਸਰਵਣ ਸਿੰਘ ਹੋਰੀਂ ਦੱਸ ਦਿੰਦੇ ਸਨ ਕਿ ਹੁਣ ਬਾਈ ਜੀ ਨਾਰੰਗਵਾਲ ਤੋਂ ਤੁਰ ਪਏ ਹਨ। ਇਤਨੇ ਸਿੰਘ ਉਹਨਾਂ ਦੇ ਨਾਲ ਹਨ। ਉਨ੍ਹਾਂ ਦੇ ਮੋਢੇ ਤੇ ਸਫ਼ਾਜੰਗ ਹੈ ਅਤੇ ਇਸ ਪ੍ਰਕਾਰ ਖ਼ਾਲਸਈ ਬਾਣਾ ਉਨ੍ਹਾਂ ਨੇ ਸਜਾਇਆ ਹੋਇਆ ਹੈ। ਇਹਨਾਂ ਦੇ ਦੱਸਣ ਸਾਰ ਹੀ ਮੈਂ ਉਦੋਂ ਹੀ ਆਹਰ ਵਿੱਚ ਜੁਟ ਜਾਂਦੀ ਹਾਂ।"* ਮੈਂ ਭਾਈ ਸਰਵਣ ਜੀ ਨੂੰ ਕੋਰੀ ਨਿਗ੍ਹਾ ਨਾਲ ਡਾਂਟ ਕੇ ਆਖਿਆ ਕਿ ਤੈਨੂੰ ਰਿਧੀ ਸਿਧੀ ਫੁਰਨ ਲੱਗ ਪਈ ਹੈ, ਹਜ਼ਮ ਨਹੀਂ ਹੁੰਦੀ, ਅਜਰ ਨੂੰ ਜਰਨਾ ਚਾਹੀਦਾ ਹੈ। ਅੱਗੋਂ ਭਾਈ ਸਰਵਣ ਸਿੰਘ ਜੀ ਹੱਸ ਕੇ ਬੋਲੇ : *"ਕਾਹਨੂੰ ਜੀ, ਮੈਂ ਕਦੋਂ ਕਾਹਨੂੰ ਮਾਈ ਜੀ ਨੂੰ ਦੱਸਿਆ ਹੈ, ਇਹ ਸਭ ਕੁਛ ਮਾਈ ਜੀ ਨੂੰ ਆਪੇ ਹੀ ਸੁਫੁਰਨ ਹੁੰਦਾ ਹੈ। ਹੁਣ ਮੇਰੇ ਤੇ ਗੱਲ ਟਾਲਦੇ ਹਨ।"*

ਇਸ ਪ੍ਰਕਾਰ ਕਈ ਵਾਰ ਐਸੀ ਵਾਰਤਾ-ਲਾਪ ਹੋਈ। ਇਹ ਸਭ ਨਿਸ਼ਕਾਮ ਸੇਵਾ ਦਾ ਸਿੱਟਾ ਸੀ। ਅੱਜ ਦੀ ਡਾਂਟ ਫਾਂਟ ਪਿਛੋਂ ਫੇਰ ਕਦੇ ਘੱਟ ਵੱਧ ਹੀ ਮਾਈ ਜੀ ਵਲੋਂ ਆਪਣੀ ਅਵਸਥਾ ਦਾ ਜਣਾਵਣਾ ਹੋਇਆ। ਅਜਰ ਨੂੰ ਵਿਚੇ ਵਿਚ ਹੀ ਜਰਦੇ ਰਹੇ।



www.AKJ.Org

ਫੇਰ ਵੀ ਸਾਡੀ ਜੇਲ੍ਹ ਯਾਤਰਾ ਤੋਂ ਥੋੜ੍ਹਾ ਚਿਰ ਪਹਿਲਾਂ ਕਈ ਵਾਰ ਆਪ-ਮੁਹਾਰੇ ਇਉਂ ਆਖਿਆ ਭਾਖਿਆ ਕਰਦੇ ਸਨ : *"ਬਾਈ, ਲੰਮੇ ਵਿਛੋੜੇ ਪੈਣੇ ਹਨ, ਸੁੱਖ ਹੋਵੇ।"* ਦਾਸ ਨੇ ਇਹ ਕਹਿ ਕੇ ਉਹਨਾਂ ਨੂੰ ਚੁੱਪ ਕਰਾ ਦੇਣਾ ਕਿ ਜੋ ਭਾਣਾ ਕਰਤਾਰ ਦਾ ਹੈ ਸੋ ਹੋ ਕੇ ਰਹਿਣਾ ਹੈ। ੧੯੧੪ ਤਾਈਂ ਇਸ ਦੰਪਤਿ ਜੋੜੀ ਨੇ ਖੂਬ ਸੇਵਾ-ਸੁਰਤ ਨਿਭਾਈ। ਦਿਨੋ ਦਿਨ ਚੜ੍ਹਦੀ ਕਲਾ ਵਿੱਚ ਨਿਭਾਈ।

ਬਾਬਾ ਰਾਮ ਸਿੰਘ ਜੀ ਦੀ ਗੰਭੀਰਤਾ ਤੇ ਸਹਿਨ-ਸ਼ੀਲਤਾ ਤਾਂ ਹਦ ਦਰਜੇ ਦੀ ਪੁੱਜੀ ਹੋਈ ਸੀ। ਮੇਰੇ ਨਾਲ ਉਨ੍ਹਾਂ ਦਾ ਐਸਾ ਗੂੜ੍ਹਾ ਪਿਆਰ ਸੀ ਕਿ ਇੱਕ ਦਿਨ ਵੀ, ਛਿਨ ਮਾਤਰ, ਮੇਰੇ ਬਾਝੋਂ ਨ ਰਹਿ ਸਕਣ। ਜੋੜ-ਮੇਲੇ, ਸਤਿਸੰਗ, ਅਖੰਡ ਕੀਰਤਨ ਸਮਾਗਮ ਅਕਸਰ ਹੁੰਦੇ ਹੀ ਰਹਿੰਦੇ ਸਨ। ਜਦੋਂ ਕਦੀ ਇਨ੍ਹਾਂ ਸਮਾਗਮਾਂ ਵਿੱਚ ਨਾਗਾ ਪੈ ਜਾਣਾ ਅਤੇ ਸਮਾਗਮ ਨਾ ਹੋਵੇ ਤਾਂ ਝਟ ਭਾਈ ਸਰਵਣ ਸਿੰਘ ਹੋਰਾਂ ਨੂੰ ਲੈ ਨਾਰੰਗਵਾਲ ਪੁੱਜ ਜਾਣਾ। ਨਾਮ ਸਿਮਰਨ ਦੇ ਖੰਡੇ ਖੜਕਾਉਣੇ। ਸਭ ਨੇ ਮਿਲ ਕੇ ਕੀਰਤਨ ਆਰੰਭ ਕਰ ਦੇਣੇ। ਕੀਰਤਨ ਕਰਨ ਸੁਣਨ ਦੇ ਬੜੇ ਧਨੀ ਸਨ, ਚਾਹੇ ਸਾਜ ਕੋਈ ਵੀ ਨਹੀਂ ਵਜਾ ਸਕਦੇ ਸਨ।

ਸਿਰੀ ਬਾਊ ਮੱਲ ਸਿੰਘ ਜੀ ਦੇ ਪਿੰਡ ਸਰਲੀ ਜ਼ਿਲਾ ਅੰਮ੍ਰਿਤਸਰ ਵਿਖੇ ਇੱਕ ਵਾਰ ਸਾਰਾ ਜਥਾ ਗਿਆ ਅਤੇ ਕੀਰਤਨ ਕਰਦਾ ਹੀ ਗਿਆ। ਬਾਬਾ ਰਾਮ ਸਿੰਘ ਜੀ ਦੀ, ਕੀਰਤਨ ਕਰਦਿਆਂ ਤੁਰਿਆਂ ਜਾਂਦਿਆਂ ਦੀ, ਲੋਟ-ਪੋਟ ਦਸ਼ਾ ਹੋ ਗਈ। ਸਿਰੀ ਬਾਬੂ ਮੱਲ ਦੇ ਗ੍ਰਿਹਿ ਜਾਣ ਸਾਰ ਹੀ ਅਖੰਡ ਪਾਠ ਸਮਾਗਮ ਦੇ ਤਿਆਰੇ ਆਰੰਭ ਕਰ ਦਿੱਤੇ। ਇਸ ਦੰਪਤਿ ਜੋੜੀ ਨੇ ਲੰਗਰ ਦੀ ਸੇਵਾ ਸਾਂਭ ਲਈ। ਪਾਸ ਹੀ ਉਧਰ ਅਖੰਡ ਪਾਠ ਹੋਵੇ ਤੇ ਇਧਰ ਇਹ ਸੇਵਾ ਵਿੱਚ ਮਗਨ-ਅਨੰਦ ਜੁਟੇ ਰਹਿਣ। ਸਿਰੀ ਬਾਬੂ ਜੀ ਦੇ ਵੱਡੇ ਭਰਾਤਾ ਸਿਰੀ ਭਾਈ ਵਰਿਆਮ ਸਿੰਘ ਜੀ ਨੇ ਜਦੋਂ ਵੀ ਲੰਗਰ ਵਿੱਚ ਆ ਕੇ ਪੁੱਛਣਾ ਕਿ ਕਿਸੇ ਸ਼ੈ ਦੀ ਲੋੜ ਤਾਂ ਨਹੀਂ, ਰਸਦ ਆਦਿ ਦੀ ਥੁੜ ਤਾਂ ਨਹੀਂ ? ਤਾਂ ਅਗੋਂ ਸਿਰੀ ਬਾਬਾ ਰਾਮ ਸਿੰਘ ਜੀ ਨੇ ਇਹ ਉਤਰ ਦੇਣਾ, *"ਸਭ ਬੇਅੰਤ ਗਫੇ ਹਨ, ਕਿਸੇ ਸ਼ੈ ਦੀ ਕੋਈ ਕਮੀ ਨਹੀਂ।"* ਸੱਚ-ਮੁੱਚ ਇਨ੍ਹਾਂ ਸੰਤੋਖੀਆਂ ਦੇ ਹੁੰਦਿਆਂ ਲੰਗਰ ਵਿੱਚ ਥੁੜ ਆਉਂਦੀ ਹੀ ਨਹੀਂ ਸੀ।

ਭਾਣੇ ਦੇ ਚੱਕਰ ਅੰਦਰ ਅਸੀਂ ਹੋਰ ਸੱਜਣਾਂ ਸਮੇਤ, ਲੁਧਿਆਣੇ ਜੇਲ੍ਹ ਵਿੱਚ ਆ ਨਜ਼ਰਬੰਦ ਹੋਏ, ਪਿਛੋਂ ਜਰਵਾਣਿਆਂ ਨੇ ਭਾਈ ਰਾਮ ਸਿੰਘ ਨੂੰ ਭੀ ਫੜ ਕੇ ਲਿਆਂਦਾ, ਉਹ ਅਗੋਂ ਹੀ ਅਰਦਾਸਾ ਸੋਧੀ ਬੈਠੇ ਸਨ। ਜੇਲ੍ਹ ਵਿੱਚ ਆਉਣ ਕਰਕੇ ਉਨ੍ਹਾਂ ਦੇ ਸਰੀਰ ਨੂੰ ਬੜੀ ਕਠਿਨਾਈ ਹੋਈ, ਕਿਉਂਕਿ ਇੱਕ ਤਾਂ ਉਹਨਾਂ ਦੀ ਅਵਸਥਾ ਬ੍ਰਿਧ ਸੀ, ਦੂਜੇ ਬਿਬੇਕ ਸਰਬ ਲੋਹ ਦਾ ਪਹਿਰਾ ਸੀ ਉਨ੍ਹਾਂ ਦਾ। ਅਨਿਆਈਂ ਗੋਰਾ ਗੌਰਮਿੰਟ ਦੀ ਜ਼ਾਲਮ ਅਦਾਲਤ ਨੇ ਇੱਕ ਵਾਰ ਤਾਂ ਜਥੇ ਨੂੰ ਉਮਰ ਕੈਦਾਂ ਸੁਣਾ ਦਿੱਤੀਆਂ। ਪਿਛੋਂ ਬਾਬਾ ਰਾਮ ਸਿੰਘ ਜੀ ਦੀ ਸਿਰਫ ਦੋ ਸਾਲ ਦੀ ਹੀ ਕੈਦ ਰਹਿ ਗਈ, ਉਹ ਕੱਟ ਕੇ ਸਾਥੋਂ ਬਹੁਤ ਚਿਰ ਪਹਿਲਾਂ ਬਾਹਰ ਆ ਗਏ। ਬਾਹਰ ਆਉਣ ਨਾਲ ਇਨ੍ਹਾਂ ਨੂੰ ਪਰਮ ਬੈਰਾਗ ਉਪਰਾਮਤਾ ਉਪਜੀ ਅਤੇ ਹਮੇਸ਼ਾਂ ਉਪਜਦੀ ਰਹੀ।

ਸਾਡੀਆਂ ਉਡੀਕਾਂ ਸਿੱਕਾਂ ਭਰੀਆਂ ਸਦਾ ਹੀ ਕਰਦੇ ਰਹੇ। ਉਡੀਕਾਂ ਕਰਦੇ ਕਰਦੇ ਹੀ ਅਸਾਡੇ ਰਿਹਾ ਹੋ ਕੇ ਬਾਹਰ ਆਵਣ ਤੋਂ ਚਾਰ ਮਹੀਨੇ ਪਹਿਲੇ ਪਰਲੋਕ ਨੂੰ ਪਿਆਨੇ ਕਰ ਗਏ। ਪਿਆਨੇ ਕਰਦਿਆਂ ਕਰਦਿਆਂ ਇਨ੍ਹਾਂ ਦੀ ਰੂਹ ਇਨ੍ਹਾਂ ਦੇ ਜਿਸਮ ਵਿਚੋਂ ਪਰਵਾਜ਼ ਕਰਕੇ ਸਾਨੂੰ ਜੇਲ੍ਹ ਵਿੱਚ ਬੈਠਿਆਂ ਨੂੰ ਫ਼ਤਹ ਬੁਲਾ ਕੇ ਗੁਰਪੁਰੀ ਸਿਧਾਰ ਗਈ।

ਭਾਣੇ ਦੀ ਕਾਰ ਹੀ ਐਸੀ ਸੀ, ਪਰ ਬੜੀ ਖੁਸ਼ੀ ਵਾਲੀ ਗੱਲ ਇਹ ਹੈ ਕਿ ਸਾਰੀ ਉਮਰ ਹੀ ਕਰਤਾਰ ਦੇ ਰੰਗਾਂ ਵਿੱਚ ਇਨ੍ਹਾਂ ਦੀ ਵਿਹਾਈ। ਪਿਛੋਂ ਮਾਈ ਪ੍ਰੇਮ ਕੌਰ ਜੀ ਆਪਣੇ ਪੂਜ-ਪਤੀ ਦੇ ਬੈਰਾਗ ਵਿੱਚ ਹਾਲੋਂ ਬੇਹਾਲ ਹੋ ਗਏ। ਅਸਾਡੇ ਰਿਹਾ ਹੋ ਕੇ ਬਾਹਰ ਆਉਂਦਿਆਂ ਨੂੰ ਚਾਹੇ ਮਾਈ ਪ੍ਰੇਮ ਕੌਰ ਜੀ ਜਿਉਂਦੇ ਸਨ, ਪਰ ਹੋਸ਼ ਹਵਾਸ਼ ਉਨ੍ਹਾਂ ਦੇ ਇਸ ਸੰਸਾਰ ਵਿੱਚ ਰਹਿੰਦਿਆਂ ਹੋਇਆਂ ਭੀ ਕਿਸੇ ਹੋਰ ਅਰੂਪ ਰੂਪੀ ਮੰਡਲ (sphere) ਵਿੱਚ ਮਜ਼ਬੂਬ ਰਹਿੰਦੇ ਸਨ। ਸਾਨੂੰ ਜੇਲ੍ਹ ਵਿਚੋਂ ਰਿਹਾ ਹੋ ਕੇ ਆਉਂਦਿਆਂ ਨੂੰ ਬਿਹਬਲ ਹੋ ਕੇ ਮਿਲੇ, ਪ੍ਰਸਪਰ ਪ੍ਰੇਮ ਕਹਾਣੀਆਂ ਕੀਤੀਆਂ। ਔਰ ਤਿੰਨਾਂ ਸਾਲਾਂ ਪਿਛੋਂ ਉਹ ਵੀ ਚਲ ਬਸੇ। ਉਸ ਗੁਰਪੁਰੀ ਵਿੱਚ ਹੀ ਜਾਇ ਵਸੇ, ਜਿਥੇ ਬਾਬਾ ਰਾਮ ਸਿੰਘ ਜੀ ਸਿਧਾਰੇ ਸਨ। ●●●●●



www.AKJ.Org

# ਜੈਤਸਰੀ ਕੀ ਵਾਰ (੪)

(ਭਾਈ ਜੋਗਿੰਦਰ ਸਿੰਘ ਤਲਵਾੜਾ)

ਸਲੋਕ।।

ਚਰਨ ਕਮਲ ਬਿਰਹੰ
ਖੋਜੰਤ ਬੈਰਾਗੀ ਦਹ ਦਿਸਹ।।
ਤਿਆਗੰਤ ਕਪਟ ਰੂਪ ਮਾਇਆ
ਨਾਨਕ ਆਨੰਦ ਰੂਪ ਸਾਧ ਸੰਗਮਹ।।੧।।
ਮਨਿ ਸਾਂਈ ਮੁਖਿ ਉਚਰਾ
ਵਤਾ ਹਭੇ ਲੋਅ।।
ਨਾਨਕ ਹਭਿ ਅਡੰਬਰ ਕੂੜਿਆ
ਸੁਣਿ ਜੀਵਾ ਸਚੀ ਸੋਇ।।੨।।

ਉਚਾਰਣ : 'ਦਹ', 'ਦਿਸਹ' ਅਤੇ 'ਸੰਗਮਹ' ਸ਼ਬਦਾਂ ਦਾ ਅੰਤਲਾ 'ਹ' ਮੁਕਤਾ ਰੂਪ ਵਿੱਚ ਹੈ, ਸੋ ਇਸ ਦਾ ਉਚਾਰਣ ਇਸ ਦੀ 'ਮੁਕਤਾ ਧੁਨੀ' ਵਿਚ ਹੀ ਕੀਤਾ ਜਾਣਾ ਉਚਿਤ ਹੈ। 'ਹ' ਦਾ ਉਚਾਰਣ 'ਹਿ' ਵਾਂਗ ਕਰਨਾ ਠੀਕ ਨਹੀਂ।

ਹੇਠ ਲਿਖੇ ਸ਼ਬਦਾਂ ਦੇ ਅੰਤਲੇ ਸੁਰ ਦਾ ਉਚਾਰਣ ਨਾਸਕੀ ਹੈ, ਇਨ੍ਹਾਂ ਦੇ ਅਰਥ ਨਾਲ ਦਿੱਤੇ ਹੋਏ ਹਨ :

ਉਚਰਾ-ਮੈਂ ਬੋਲਦਾ ਹਾਂ। ਵਤਾ-ਮੈਂ (ਢੂੰਢਦਾ) ਫਿਰਦਾ ਹਾਂ। ਜੀਵਾ-ਮੈਂ ਜੀਉਂਦਾ ਹਾਂ। ਸਾਂਈ (ਸਾਈਂ)-ਮਾਲਕ।

ਪਦ ਅਰਥ : ਬਿਰਹੰ-ਵਿਜੋਗੀ, ਪ੍ਰੀਤਵਾਨ, ਪ੍ਰੇਮੀ। ਖੋਜੰਤ-ਖੋਜਦੇ ਹਨ। ਬੈਰਾਗੀ-ਵੈਰਾਗਵਾਨ (ਹੋ ਕੇ)। ਦਹ ਦਿਸਹ-ਦਸੀਂ ਪਾਸੀਂ। ਤਿਆਗੰਤ-ਛਡ ਦੇਂਦੇ ਹਨ। ਕਪਟ ਰੂਪ-ਛਲ ਰੂਪ। ਆਨੰਦ ਰੂਪ-ਅਨੰਦ ਹੀ ਅਨੰਦ। ਸਾਧ ਸੰਗਮਹ-ਸਾਧ ਸੰਗਤ।੧।

ਮਨਿ-ਮਨ ਵਿੱਚ। ਮੁਖਿ-ਮੂੰਹ ਨਾਲ। ਉਚਰਾ-ਮੈਂ ਬੋਲਦਾ ਹਾਂ। ਵਤਾ-ਮੈਂ ਢੂੰਢਦਾ ਫਿਰਦਾ ਹਾਂ। ਹਭੇ ਲੋਅ-ਸਾਰੇ ਲੋਕਾਂ (ਖੰਡਾਂ) ਵਿੱਚ। ਹਭਿ-ਸਾਰੇ। ਅਡੰਬਰ-ਪਸਾਰੇ, ਖਿਲਾਰੇ। ਕੂੜਿਆ-(ਕੂੜੇ + ਆ) ਝੂਠੇ ਹਨ (ਕਿਰਿਆ ਬਹੁ-ਵਚਨ) ਜੀਵਾ-ਮੈਂ ਜੀਉਂਦਾ ਹਾਂ। ਸਚੀ ਸੋਇ-(ਸੱਚੇ ਪ੍ਰਭੂ ਦੀ) ਸਦਾ ਥਿਰ ਰਹਿਣ ਵਾਲੀ ਸੋਭਾ।

ਅਰਥ : ਪ੍ਰਭੂ ਦੇ ਕਮਲਾਂ ਵਰਗੇ ਚਰਨਾਂ ਦੇ ਪ੍ਰੇਮੀ ਵੈਰਾਗਵਾਨ ਹੋਏ ਹੋਏ ਦਸੀਂ ਪਾਸੀਂ (ਪਿਆਰੇ ਪ੍ਰਭੂ ਨੂੰ) ਟੋਲਦੇ ਫਿਰਦੇ ਹਨ।

ਨਾਨਕ ! ਉਹ (ਬਿਰਹੀ ਜੀਊੜੇ) ਛਲ ਰੂਪੀ ਮਾਇਆ (ਦੇ ਮੋਹ) ਨੂੰ ਤਿਆਗ ਛਡਦੇ ਹਨ (ਕਿਉਂ ਜੁ ਇਹ ਮਾਇਆ ਪ੍ਰਭੂ ਤੋਂ ਵਿਛੋੜਦੀ ਹੈ)। ਉਨ੍ਹਾਂ ਲਈ ਅਨੰਦ ਦੀ ਖਾਣ ਸਾਧ ਸੰਗਤ ਹੈ। (ਜਿਥੋਂ ਸਤ ਚਿਤ ਅਨੰਦ ਸਰੂਪ ਪ੍ਰਭੂ ਲਭ ਪੈਂਦਾ ਹੈ)।੧।

ਮੇਰੇ ਮਨ ਵਿਚ ਮਾਲਕ (ਦਾ ਪਿਆਰ) ਹੈ, ਮੂੰਹ ਨਾਲ ਮੈਂ ਆਪਣੇ ਮਾਲਕ ਲਈ ਟੇਰ-ਪੁਕਾਰ ਕਰਦਾ ਹਾਂ ਅਤੇ ਸਾਰੇ ਜਗਤ-ਮੰਡਲਾਂ ਵਿੱਚ (ਉਸ ਦੀ ਢੂੰਢ ਭਾਲ ਕਰਦਾ) ਫਿਰਦਾ ਹਾਂ।

ਨਾਨਕ ! (ਜਗਤ ਦੇ) ਸਾਰੇ ਪਦਾਰਥਕ ਖਿਲਾਰੇ ਝੂਠੇ ਹਨ (ਮੇਰਾ ਮਨ ਇਨ੍ਹਾਂ ਵਿੱਚ ਪਤੀਜਦਾ ਨਹੀਂ)। ਮੈਂ ਸੱਚੇ ਪ੍ਰਭੂ ਦੀ ਸੱਚੀ ਸੋਭਾ ਸੁਣ ਸੁਣ ਕੇ ਜੀਅ ਉਠਦਾ ਹਾਂ।੨।

ਪਉੜੀ।।

ਬਸਤਾ ਤੂਟੀ ਝੁੰਪੜੀ ਚੀਰ ਸਭਿ ਛਿੰਨਾ।।
ਜਾਤਿ ਨ ਪਤਿ ਨ ਆਦਰੋ ਉਦਿਆਨ ਭ੍ਰਮਿੰਨਾ।।
ਮਿਤ੍ਰ ਨ ਇਠ ਧਨ ਰੂਪਹੀਣ ਕਿਛੁ ਸਾਕੁ ਨ ਸਿੰਨਾ।।
ਰਾਜਾ ਸਗਲੀ ਸ੍ਰਿਸਟਿ ਕਾ ਹਰਿ ਨਾਮਿ ਮਨੁ ਭਿੰਨਾ।।
ਤਿਸ ਕੀ ਧੂੜਿ ਮਨੁ ਉਧਰੈ ਪ੍ਰਭੁ ਹੋਇ ਸੁਪ੍ਰਸੰਨਾ।।੭।।

ਪਦ ਅਰਥ : ਬਸਤਾ-ਵਸਦਾ ਹੋਵੇ। ਝੁੰਪੜੀ-ਕੱਖਾਂ ਦੀ ਕੁੱਲੀ। ਚੀਰ-ਬਸਤਰ। ਛਿੰਨਾ-ਪਾਟੇ ਹੋਏ ਹੋਣ। ਪਤਿ-ਨਸਲ, ਖ਼ਾਨਦਾਨ। ਆਦਰੋ-ਆਦਰ ਸਤਿਕਾਰ। ਉਦਿਆਨ-ਜੰਗਲ। ਭ੍ਰਮਿੰਨਾ-ਭਟਕਦਾ ਹੋਵੇ। ਇਠ-ਪਿਆਰਾ। ਸਿੰਨਾ-ਸੈਣ, ਸਨਬੰਧੀ। ਭਿੰਨਾ-ਭਿੱਜਾ ਹੋਇਆ। ਉਧਰੈ-ਬਚ ਜਾਂਦਾ ਹੈ(ਛਲ ਰੂਪ ਮਾਇਆ ਤੋਂ)।੧।

ਅਰਥ : (ਭਾਵੇਂ ਕੱਖਾਂ ਦੀ ਟੁੱਟੀ ਹੋਈ ਕੁੱਲੀ ਵਿੱਚ ਵਸਦਾ ਹੋਵੇ, ਉਸ ਦੇ ਸਾਰੇ ਕੱਪੜੇ ਲੀਰੋ ਲੀਰ ਹੋਏ ਪਏ ਹੋਣ :

ਉਸ ਦੀ (ਕੋਈ) ਉੱਚੀ ਨਸਲ ਜਾਂ ਜਾਤੀ ਨਾ ਹੋਵੇ, ਉਸ ਦੀ (ਕੋਈ) ਇੱਜ਼ਤ ਨਾ (ਕਰਦਾ) ਹੋਵੇ। (ਸਿਰ ਲੁਕਾਉਣ ਲਈ) ਜੰਗਲ ਬੀਆਬਾਨ ਵਿੱਚ ਭ੍ਰਮਣ ਕਰਦਾ ਫਿਰਦਾ ਹੋਵੇ।

ਉਸ ਦਾ ਕੋਈ ਸੱਜਣ ਜਾਂ ਸਨੇਹੀ ਨਾ ਹੋਵੇ, ਧਨ ਅਤੇ ਸੁੰਦਰਤਾ ਤੋਂ ਵੀ ਵਿਰਵਾ ਹੋਵੇ, (ਕੋਈ ਦੂਰ ਨੇੜੇ ਦਾ) ਅੰਗ ਸਾਕ ਵੀ ਨਾ ਹੋਵੇ।

ਪਰ ਜੇ ਉਸ ਦਾ ਮਨ ਪ੍ਰਭੂ ਦੇ ਨਾਮ ਵਿਚ ਭਿੱਜਾ (ਪਤੀਜਿਆ) ਹੋਇਆ ਹੈ ਤਾਂ ਉਹ ਮਾਨੋ ਸਾਰੀ



www.AKJ.Org

ਸ੍ਰਿਸ਼ਟੀ (ਧਰਤੀ) ਦਾ ਪਾਤਸ਼ਾਹ ਹੈ।

ਉਸ ਦੀ ਚਰਨ-ਧੂੜੀ ਸਦਕਾ ਮਨ (ਵਿਕਾਰਾਂ ਤੋਂ) ਬਚ ਜਾਂਦਾ ਹੈ ਤੇ (ਇਸ ਦੇ ਫਲ-ਸਰੂਪ) ਪਿਆਰਾ ਪ੍ਰਭੂ ਭਲੀ ਪ੍ਰਕਾਰ ਤਰੁੱਠ ਪੈਂਦਾ ਹੈ।੭।

ਸਲੋਕ।।

ਅਨਿਕ ਲੀਲਾ ਰਾਜ ਰਸ ਰੂਪੰ
ਛਤ੍ਰ ਚਮਰ ਤਖਤ ਆਸਨੰ।।
ਰਚੰਤਿ ਮੂੜ ਅਗਿਆਨ ਅੰਧਹ
ਨਾਨਕ ਸੁਪਨ ਮਨੋਰਥ ਮਾਇਆ।।੧।।
ਸੁਪਨੈ ਹਭਿ ਰੰਗ ਮਾਣਿਆ
ਮਿਠਾ ਲਗੜਾ ਮੋਹੁ।।
ਨਾਨਕ ਨਾਮ ਵਿਹੂਣੀਆ
ਸੁੰਦਰਿ ਮਾਇਆ ਧ੍ਰੋਹੁ।।੨।।

ਉਚਾਰਣ : ਲੀਲਾ-ਦੂਜੇ 'ਲ' ਦਾ ਉਚਾਰਣ ਭਾਰ ਸਹਿਤ। ਮੂੜ-'ੜ' ਦਾ ਉਚਾਰਣ ਭਾਰ ਸਹਿਤ। ਅੰਧਹ-'ਹ' ਦਾ ਉਚਾਰਣ 'ਹਿ' ਵਾਂਗ ਕਰਨਾ ਠੀਕ ਨਹੀਂ। ਵਿਹੂਣੀਆ-(ਸਖਣੀ ਹੈ) ਉਚਾਰਣ ਨਾਸਕਤਾ ਰਹਿਤ।

ਪਦ ਅਰਥ : ਲੀਲਾ-ਕਲੋਲ, ਕੌਤਕ, ਰੰਗ-ਰਲੀਆਂ। ਰਾਜ ਰਸ ਰੂਪੰ-ਰਾਜ ਦੀ ਰਸਦਾਇਕ ਅਤੇ ਸੁੰਦਰ ਅਨਿਕ ਪ੍ਰਕਾਰੀ ਲੀਲ੍ਹਾ। ਛਤ੍ਰ-ਸ਼ਾਹੀ ਛਤਰ। ਚਮਰ-ਚੌਰ। ਤਖਤ ਆਸਨੰ-ਸ਼ਾਹੀ ਤਖਤ-ਸਿੰਘਾਸਣ ਰਚੰਤਿ-ਖੱਚਤ ਹੋ ਜਾਂਦੇ ਹਨ। ਮੂੜ-ਮੂਰਖ। ਅਗਿਆਨ-ਅਗਿਆਨੀ। ਅੰਧਹ-ਅੰਨ੍ਹੇ। ਸੁਪਨ ਮਨੋਰਥ ਮਾਇਆ-ਮਾਇਆ ਦੇ ਮਨ ਭਾਉਂਦੇ ਪਦਾਰਥ ਸੁਪਨ ਸਮਾਨ ਖਿਨ-ਭੰਗਰ ਹਨ।੧।

ਹਭਿ ਰੰਗ ਮਾਣਿਆ-ਸਾਰੇ ਮੌਜ ਮੇਲੇ ਮਾਣੇ। ਵਿਹੂਣੀਆ-ਸਖਣੀ ਹੈ। ਸੁੰਦਰਿ-ਸੁੰਦਰੀ। ਮਾਇਆ ਧ੍ਰੋਹੁ-ਮਾਇਆ ਛਲ ਹੈ।੨।

ਅਰਥ : ਮੂਰਖ, ਅਗਿਆਨੀ ਅਤੇ ਅੰਨ੍ਹੇ (ਜੀਵ) ਰਾਜ ਦੇ ਨਾਨਾ ਪ੍ਰਕਾਰੀ ਸਾਜ-ਸਾਮਾਨ, ਛਤਰ, ਚੌਰ, ਤਖ਼ਤ-ਸਿੰਘਾਸਣ ਅਤੇ ਰਾਜ ਅਨੇਕ ਰਸਦਾਇਕ ਅਤੇ ਰੂਪਵੰਤ (ਮਨਮੋਹਣੇ) ਕਲੋਲਾਂ ਵਿਚ ਖੱਚਤ ਹੋਏ ਰਹਿੰਦੇ ਹਨ। ਨਾਨਕ ! ਇਹ ਮਨ ਨੂੰ ਵਚਿਲਤ ਕਰਨ (ਲਲਚਾਉਣ) ਵਾਲੇ ਮਨ-ਭਾਉਂਦੇ ਮਾਇਕੀ ਪਦਾਰਥ ਸੁਪਨੇ ਦੀ ਨਿਆਈਂ ਛਿਨ-ਭੰਗਰ ਹਨ।੧।

(ਭੁਲੜ ਜੀਵ ਨੇ) ਸੁਪਨੇ ਵਿਚ ਸਾਰੇ ਮਾਇਕੀ ਮੌਜ ਮੇਲੇ ਮਾਣੇ ਅਤੇ ਮਾਇਆ ਦਾ ਮੋਹ (ਇਸ ਦੇ ਮਨ ਨੂੰ) ਮਿੱਠਾ ਲੱਗਾ।

ਨਾਨਕ ! (ਜਿਸ ਜਿਸ ਮਨੁੱਖ ਦੀ ਬ੍ਰਿਤੀ) ਨਾਮ ਤੋਂ ਸੱਖਣੀ ਹੈ, ਉਸ ਨੂੰ ਇਹ (ਬਾਹਰੋਂ) ਸੁੰਦਰ ਦਿਸਣ ਵਾਲੀ ਮਾਇਆ, ਛਲ ਹੋ ਕੇ ਵਿਆਪਦੀ ਰਹਿੰਦੀ ਹੈ।੨।

ਪਉੜੀ।।

ਸੁਪਨੇ ਸੇਤੀ ਚਿਤੁ ਮੂਰਖਿ ਲਾਇਆ।।
ਬਿਸਰੇ ਰਾਜ ਰਸ ਭੋਗ ਜਾਗਤ ਭਖਲਾਇਆ।।
ਆਰਜਾ ਗਈ ਵਿਹਾਇ ਧੰਧੈ ਧਾਇਆ।।
ਪੂਰਨ ਭਏ ਨ ਕਾਮ ਮੋਹਿਆ ਮਾਇਆ।।
ਕਿਆ ਵੇਚਾਰਾ ਜੰਤੁ ਜਾ ਆਪਿ ਭੁਲਾਇਆ।।੮।।

ਉਚਾਰਣ : ਜਾ-ਉਚਾਰਣ ਨਾਸਕੀ।

ਪਦ ਅਰਥ : ਸੇਤੀ-ਨਾਲ। ਮੂਰਖਿ-ਮੂਰਖ ਨੇ। ਬਿਸਰੇ-ਵਿਸਰਜਨ ਹੋ ਗਏ, ਚਲੇ ਗਏ, ਛਾਈਂ ਮਾਈਂ ਹੋ ਗਏ। ਭਖਲਾਇਆ-ਬਰੜਾਇਆ। ਆਰਜਾ-ਉਮਰ। ਗਈ ਵਿਹਾਇ-ਬੀਤ ਗਈ। ਧੰਧੈ ਧਾਇਆ-ਧੰਧੇ ਲਈ ਭਟਕਦਾ ਰਿਹਾ। ਕਾਮ-ਕੰਮ, ਧੰਧੇ। ਮੋਹਿਆ-ਭਰਮਾਈ ਰਖਿਆ। ਜੰਤੂ-ਜੀਵ।

ਅਰਥ : ਮਤ-ਹੀਣ ਜੀਵ ਨੇ ਸੁਪਨੇ ਸਮਾਨ (ਛਿਨ-ਭੰਗਰ ਸੰਸਾਰ ਅਥਵਾ ਇਸ ਦੇ ਮਾਇਕੀ ਪਦਾਰਥਾਂ) ਨਾਲ ਆਪਣੇ ਚਿਤ ਨੂੰ ਲਾ ਰਖਿਆ ਹੈ।

(ਸੁਪਨੇ ਵਿਚ ਮਾਣੇ) ਰਾਜ ਅਤੇ ਇਸ ਦੇ ਰਸ-ਭੋਗ (ਜਾਗ ਆਉਣ ਤੇ) ਜਦੋਂ ਵਿਸਰਜਨ (ਛਾਈਂ ਮਾਈਂ) ਹੋ ਗਏ ਤਾਂ ਇਹ ਭੁਲੜ ਜੀਵ ਜਾਗਦਾ ਹੋਇਆ (ਰਾਜ ਅਤੇ ਰਸ-ਭੋਗਾਂ ਦੇ ਵਿਜੋਗ ਵਿੱਚ) ਬਰੜਾਉਣ ਲੱਗ ਪਿਆ।

(ਜੀਵਨ ਪ੍ਰਯੰਤ ਜਗਤ ਦੇ ਝੂਠੇ) ਧੰਧੇ ਦੀ ਖ਼ਾਤਰ ਭਟਕਦਾ ਰਿਹਾ ਅਤੇ ਇਸ ਤਰ੍ਹਾਂ ਹੀ ਸਾਰੀ ਉਮਰ (ਅਜਾਈਂ) ਬੀਤ ਗਈ।

ਮਾਇਆ ਨੇ ਇਸ (ਭੁਲੜ ਜੀਵ) ਨੂੰ ਏਨਾ ਭਰਮਾਈ ਰਖਿਆ ਕਿ (ਜੀਵਨ ਭਰ) ਇਸ ਦੇ ਕੰਮ ਧੰਧੇ ਪੂਰੇ ਹੋਣ ਵਿੱਚ ਹੀ ਨਹੀਂ ਆਏ।

ਪ੍ਰਭੂ ਨੇ ਜਦ ਆਪ (ਇਸ ਜੀਵ ਨੂੰ) ਭੁਲੇਖੇ ਵਿਚ ਪਾਇਆ ਹੋਇਆ ਹੈ ਤਾਂ (ਪ੍ਰਭੂ ਦੀ ਅਟੱਲ ਭਾਵੀ ਮੂਹਰੇ) ਇਹ ਜੀਵ ਵਿਚਾਰਾ ਕੀ ਹੈ ? (ਭਾਵ, ਪ੍ਰਭੂ-ਭਾਵੀ ਮੂਹਰੇ ਜੀਵ ਬੇ-ਵਸ ਹੈ)।੮। ●●●●●



www.AKJ.Org

# ਸਾਵਣੁ ਆਇਆ ਹੇ ਸਖੀ (੨)

(ਹਰਿਬੰਸ ਸਿੰਘ ਤੇਗ, ਗਿਆਨੀ)

(ਲੜੀ ਜੋੜਨ ਲਈ ਦੇਖੋ 'ਸੂਰਾ' ਅਗਸਤ ੯੬)

ਜਿਨਾਂ ਪਾਸ ਧਨ ਹੈ, ਸੱਪਾਂ, ਹਰਨਾਂ, ਮੱਛੀਆਂ ਅਤੇ ਇਸ ਰੁੱਤ ਚੋਂ ਜਿਨ੍ਹਾਂ ਨੂੰ ਰਸ-ਪ੍ਰਾਪਤ ਹੈ। ਉਹਨਾਂ ਨੂੰ ਇਹ ਵਰਖਾ ਰੁੱਤ ਸਾਵਣ ਦਾ ਮਹੀਨਾ ਸਗੋਂ ਉਮਾਹ ਦਿੰਦਾ ਹੈ, ਅਨੰਦ ਦਿੰਦਾ ਹੈ। ਸ੍ਰੀ ਗੁਰੂ ਅਮਰਦਾਸ ਜੀ ਦਾ ਕਥਨ ਹੈ ਕਿ :-

ਸਾਵਣਿ ਸਰਸੀ ਕਾਮਣੀ ਗੁਰ ਸਬਦੀ ਵੀਚਾਰਿ।।
ਨਾਨਕ ਸਦਾ ਸੁਹਾਗਣੀ ਗੁਰ ਕੈ ਹੇਤਿ ਅਪਾਰਿ।।੧।।

(ਸਲੋਕ ਮ: ੩, ਪੰਨਾ ੧੨੮੫)

ਸੋਹਾਗਣੀ ਨੂੰ ਵਰਖਾ ਰੁੱਤ ਸੁਹਾਵਣੀ ਲਗਦੀ ਹੈ। ਜਿਹੜੀ ਜੀਵ-ਇਸਤਰੀ ਪ੍ਰਭੂ-ਪਤੀ ਦੇ ਭਾਣੇ ਵਿਚ ਚੱਲਦੀ ਹੈ ਉਸ ਨੂੰ ਪ੍ਰਭੂ ਹੀ ਗੁਰੂ ਰੂਪ ਬੱਦਲ ਹੋ ਕੇ ਵਰ੍ਹਦਾ (ਉਪਦੇਸ਼ ਦਿੰਦਾ) ਪ੍ਰਤੀਤ ਹੁੰਦਾ ਹੈ ਉਨ੍ਹਾਂ ਨੂੰ 'ਮੀਂਹ ਪਇਆ ਪਰਮੇਸੁਰਿ ਪਾਇਆ' ਹੀ ਦਿਸਦਾ ਹੈ। ਗੁਰਬਾਣੀ ਵਿੱਚ ਇਉਂ ਬਿਆਨ ਕੀਤਾ ਹੈ :-

ਨਾਨਕ ਬਿਜੁਲੀਆ ਚਮਕੰਨਿ ਘੁਰਨਿ ਘਟਾ ਅਤਿ ਕਾਲੀਆ।।
ਬਰਸਨਿ ਮੇਘ ਅਪਾਰੁ ਨਾਨਕ ਸੰਗਮਿ ਪਿਰੀ ਸੁਹੰਦੀਆ।।੨।।

(ਮ: ੫, ਪੰਨਾ ੧੧੦੨)

ਸ੍ਰੀ ਗੁਰੂ ਅਮਰਦਾਸ ਜੀ ਦੋਵੇਂ ਪੱਖ ਸਾਵਣ ਮਹੀਨੇ ਵਰਖਾ ਰੁੱਤ ਦੇ ਇਉਂ ਬਿਆਨ ਕਰਦੇ ਹਨ ਦੋਹਾਗਣੀ ਅਤੇ ਸੁਹਾਗਣੀ ਨੂੰ ਇਕੋ ਰੁੱਤ ਦੋ ਤਰ੍ਹਾਂ ਦੀ ਬਿਆਪਦੀ ਹੈ ਅਸਰ ਕਰਦੀ ਹੈ :

ਦੁਹਾਗਣ ਲਈ

ਮ: ੩।।

ਊਂਨਵਿ ਊਂਨਵਿ ਆਇਆ ਵਰਸੈ ਨੀਰੁ ਨਿਪੰਗੁ।।
ਨਾਨਕ ਦੁਖੁ ਲਾਗਾ ਤਿਨ ਕਾਮਣੀ
ਜਿਨ ਕੰਤੈ ਸਿਉ ਮਨਿ ਭੰਗੁ।।

ਸੁਹਾਗਣੀ ਲਈ :-

ਸਲੋਕ ਮ: ੩।।

ਊਂਨਵਿ ਊਂਨਵਿ ਆਇਆ ਵਰਸੈ ਲਾਇ ਝੜੀ।।
ਨਾਨਕ ਭਾਣੈ ਚਲੈ ਕੰਤ ਕੈ ਸੁ ਮਾਣੇ ਸਦਾ ਰਲੀ।।

(ਪੰਨਾ ੧੨੮੦)

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਮਾਝ ਰਾਗ ਦੇ ਬਾਰਹ ਮਾਹਾ ਵਿੱਚ ਭੀ ਜਿਸ ਜੀਵ ਇਸਤਰੀ ਦਾ ਪ੍ਰਭੂ-ਪਤੀ ਦੇ ਚਰਨਾਂ ਕਮਲਾਂ ਨਾਲ ਪਿਆਰ ਹੈ ਉਸਨੂੰ ਪੂਰੇ ਰਸ ਮਾਣਦੀ ਦਰਸਾਇਆ ਹੈ ਕਿ ਉਸ ਦਾ ਤਨ ਅਤੇ ਮਨ ਭੀ ਇਕੋਂ ਸੱਚੇ ਪ੍ਰਭੂ ਦੇ ਪ੍ਰੇਮ ਖੇਡ ਦੇ ਰੰਗ ਵਿਚ ਰੰਗਿਆ ਗਿਆ ਹੈ, ਉਸੇ ਦੇ ਨਾਮ ਦਾ ਹੀ ਆਸਰਾ ਹੈ।

**ਸਾਵਣਿ ਸਰਸੀ ਕਾਮਣੀ ਚਰਨ ਕਮਲ ਸਿਉ ਪਿਆਰੁ।।**
**ਮਨੁ ਤਨੁ ਰਤਾ ਸਚ ਰੰਗਿ ਇਕੋ ਨਾਮੁ ਅਧਾਰੁ।।**

(ਬਾਰਹ ਮਾਹਾ ਮਾਂਝ ਮ: ੫)

ਦੂਜੇ ਪੱਖ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਤੁਖਾਰੀ ਰਾਗ ਬਾਰਹ ਮਾਹਾ ਵਿੱਚ ਕਥਨ ਕਰਦੇ ਹਨ :-

"ਪਿਰੁ ਘਰਿ ਨਹੀ ਆਵੈ ਮਰੀਐ ਹਾਵੈ
ਦਾਮਨਿ ਚਮਕਿ ਡਰਾਏ।।
ਸੇਜ ਇਕੇਲੀ ਖਰੀ ਦੁਹੇਲੀ
ਮਰਣੁ ਭਇਆ ਦੁਖੁ ਮਾਏ।।
ਹਰਿ ਬਿਨੁ ਨੀਦ ਭੂਖ ਕਹੁ ਕੈਸੀ
ਕਾਪੜੁ ਤਨਿ ਨ ਸੁਖਾਵਏ।।

(ਤੁਖਾਰੀ ਛੰਤ ਮ: ੧, ਪੰਨਾ ੧੧੦੮)

ਗੁਰਬਾਣੀ ਨੇ ਸਾਵਣ ਅਤੇ ਪਪੀਹੇ ਨੂੰ ਪ੍ਰਤੀਕ ਜਣਾ ਭੀ ਅਧਿਆਤਮਕ ਪੱਖ ਨੂੰ ਸਮਝਾਇਆ ਹੈ। ਪਪੀਹੇ ਨੂੰ ਸੰਬੋਧਨ ਕੀਤਾ ਹੈ ਕਿ ਹੇ ਪਪੀਹੇ ! ਤੂੰ ਉਸ ਦਾ ਹੁਕਮ ਮੰਨ ਤੇਰੀ ਤਿਖ ਤਾਂ ਉਤਰੇਗੀ, ਨਹੀਂ ਤਾਂ ਜਲ ਦੇ ਹੁੰਦੇ ਸੁੰਦੇ ਭੀ ਤੂੰ ਵਿਲਕਦਾ ਹੀ ਰਹੇਂਗਾ। ਤੈਨੂੰ ਜਿੰਨਾਂ ਚਿਰ ਇਸ ਜਲ ਦੀ ਸੋਝੀ ਨਹੀਂ ਹੋਇਗੀ ਤੂੰ ਸ਼ਾਂਤ ਨਹੀਂ ਹੋ ਸਕੇਗਾ। ਭਾਵ ਇਹੋ ਹੀ ਕਿ ਉਹ ਤਾਂ ਕਿਰਪਾ ਕਰਕੇ ਵਸ ਰਿਹਾ ਹੈ ਪਰ ਤੂੰ ਹੀ ਬੇ-ਮੁੱਖ ਹੋਈ ਬੈਠਾ ਹੈ, ਅਗਿਆਨਤਾ ਕਾਰਨ ਹੀ ਪਿਆ ਮਰ ਰਿਹਾ ਹੈ।

ਸਲੋਕ ਮ: ੩।।

ਬਾਬੀਹਾ ਨਾ ਬਿਲਲਾਇ ਨਾ ਤਰਸਾਇ
ਏਹੁ ਮਨੁ ਖਸਮ ਕਾ ਹੁਕਮੁ ਮੰਨਿ।।
ਨਾਨਕ ਹੁਕਮਿ ਮੰਨਿਐ ਤਿਖ ਉਤਰੈ
ਚੜੈ ਚਵਗਲਿ ਵੰਨੁ।।੧।।

ਮ: ੩।

ਬਾਬੀਹਾ ਜਲ ਮਹਿ ਤੇਰਾ ਵਾਸੁ ਹੈ
ਜਲ ਹੀ ਮਾਹਿ ਫਿਰਾਹਿ।।
ਜਲ ਕੀ ਸਾਰ ਨ ਜਾਣਹੀ
ਤਾਂ ਤੂੰ ਕੂਕਣ ਪਾਹਿ।।
ਜਲ ਥਲ ਚਹੁ ਦਿਸਿ ਵਰਸਦਾ
ਖਾਲੀ ਕੋ ਥਾਉ ਨਾਹਿ।।
ਏਤੈ ਜਲਿ ਵਰਸਦੈ ਤਿਖ ਮਰਹਿ



www.AKJ.Org

ਭਾਗ ਤਿਨਾ ਕੇ ਨਾਹਿ।।
ਨਾਨਕ ਗੁਰਮੁਖਿ ਤਿਨ ਸੋਝੀ ਪਈ
ਜਿਨ ਵਸਿਆ ਮਨ ਮਾਹਿ।। (ਪੰਨਾ ੧੨੮੨)

ਸਤਿਗੁਰੂ ਜੀ ਤਾਂ ਫੁਰਮਾਉਂਦੇ ਹਨ ਕਿ ਵਰਖਾ ਰੁੱਤ 'ਚ ਮਲਾਰ ਰਾਗ ਵਰਤਦਾ ਹੈ ਭਾਵ ਸਾਰੇ ਪਾਸੇ ਸ਼ਾਂਤੀ ਵੰਡਦਾ ਹੈ ਖੇੜਾ ਵੰਡਦਾ ਹੈ ਪ੍ਰੰਤੂ ਜਿਨ੍ਹਾਂ ਨੂੰ ਜੁਗਤੀ ਨਹੀਂ ਮਿਲੀ ਜਿਨ੍ਹਾਂ ਨੇ ਗੁਰ ਉਪਦੇਸ਼ ਨਹੀਂ ਕਮਾਇਆ ਉਹ ਤਾਂ ਪਸ਼ੂਆਂ ਦੀ ਨਿਆਈਂ ਹੀ ਹਨ। ਸਾਰਾ ਸੰਸਾਰ ਹੀ ਇਸ ਪਸ਼ੂ-ਪੁਣੇ ਵਿੱਚ ਹੀ ਭਰਮਾਂ 'ਚ ਪੈ ਕੇ ਭੁੱਲਿਆ ਫਿਰਦਾ ਹੈ। ਪ੍ਰਭੂ-ਪਤੀ ਦੇ ਨਾਮ-ਜਲ (ਅੰਮ੍ਰਿਤ) ਦੀ ਸੋਝੀ ਨਾ ਹੋਣ ਕਰਕੇ ਤ੍ਰਿਸ਼ਨਾ ਤਿਖ 'ਚ ਤੜਫ਼ ਰਿਹਾ ਹੈ। ਵਾਹਿਗੁਰੂ ਜੀ ਨੇ ਤਾਂ ਸਾਰਾ ਸੰਸਾਰ ਹੀ ਆਪਣੇ ਨਿਵਾਸ ਲਈ ਸਿਰਜਿਆ ਹੈ, ਉਹ ਕਣ ਕਣ ਵਿੱਚ ਵਸ ਰਿਹਾ ਹੈ। ਸੰਸਾਰ ਦੇ ਉਸੇ ਨਾਮ-ਜਲ ਤੋਂ ਹੀ ਉਤਪਤੀ ਕਰਕੇ ਨਾਮ-ਜਲ ਹੀ ਵਰਸਾਇਆ ਹੋਇਆ ਹੈ। ਪ੍ਰੰਤੂ ਇਹ ਸੋਝੀ ਪੂਰੇ ਗੁਰੂ ਦੀ ਕਿਰਪਾ ਬਿਨਾਂ ਨਹੀਂ ਹੋਣੀ। ਜਿਸ ਕਰਕੇ ਇਹ ਪਪੀਹਾ ਇਹ ਜਗਤ, ਇਹ ਲੁਕਾਈ ਆਪਣੀ ਬੇ-ਸਮਝੀ ਕਰਕੇ ਦੁਖੀ ਹੋ ਰਹੀ ਹੈ।

ਸਲੋਕ ਮ: ੩।।

ਬਾਬੀਹਾ ਏਹੁ ਜਗਤੁ ਹੈ ਮਤ ਕੋ ਭਰਮਿ ਭੁਲਾਇ।।
ਇਹੁ ਬਾਬੀਹਾ ਪਸੂ ਹੈ ਇਸ ਨੋ ਬੂਝਣੁ ਨਾਹਿ।।
ਅੰਮ੍ਰਿਤੁ ਹਰਿ ਕਾ ਨਾਮੁ ਹੈ ਜਿਤੁ ਪੀਤੈ ਤਿਖ ਜਾਇ।।
ਨਾਨਕ ਗੁਰਮੁਖਿ ਜਿਨ ਪੀਆ ਤਿਨ ਬਹੁੜਿ ਨ ਲਾਗੀ ਆਇ।।

ਮ: ੩।।

ਮਲਾਰੁ ਸੀਤਲ ਰਾਗੁ ਹੈ ਹਰਿ ਧਿਆਇਐ ਸਾਂਤਿ ਹੋਇ।।
ਹਰਿ ਜੀਉ ਅਪਣੀ ਕ੍ਰਿਪਾ ਕਰੇ ਤਾਂ ਵਰਤੈ ਸਭ ਲੋਇ।।
ਵੁਠੈ ਜੀਆ ਜੁਗਤਿ ਹੋਇ ਧਰਣੀ ਨੋ ਸੀਗਾਰੁ ਹੋਇ।।
ਨਾਨਕ ਇਹੁ ਜਗਤੁ ਸਭੁ ਜਲੁ ਹੈ, ਜਲ ਹੀ ਤੇ ਸਭ ਕੋਇ।।
ਗੁਰਪਰਸਾਦੀ ਕੋ ਵਿਰਲਾ ਬੂਝੈ ਸੋ ਜਨੁ ਮੁਕਤੁ ਸਦਾ ਹੋਇ।।
(ਪੰਨਾ ੧੨੮੩)

ਸੋ ਨਿਰਾ ਆਪਣਾ ਜਤਨ ਜਾਂ ਘਾਲਣਾ ਭੀ ਕਾਫੀ ਨਹੀਂ, ਪ੍ਰਭੂ ਕਿਰਪਾ ਕਰਕੇ ਗੁਰੂ-ਬੱਦਲ ਨਾਲ ਮੇਲ ਹੋਣ ਤੇ ਨਾਮ ਜਲ ਦੀ ਪ੍ਰਾਪਤੀ ਹੋਇਗੀ ਇਸ ਲਈ ਉਸ ਦੀ ਮਿਹਰ ਦੀ ਲੋੜ ਜ਼ਰੂਰੀ ਹੈ, ਮਿਹਰ ਲਈ ਭੀ ਅਰਦਾਸਾਂ ਕਰਨੀਆਂ ਤਾਂ ਜੋ ਕੀਤੀ ਘਾਲਣਾ ਦਾ ਹੰਕਾਰ ਕਿਤੇ ਰਾਹ 'ਚ ਅੜਿੱਕਾ ਨਾ ਬਣ ਜਾਵੇ।

ਇਸ ਲਈ ਸਤਿਗੁਰੂ ਜੀ ਫੁਰਮਾਉਂਦੇ ਹਨ :-

ਮ: ੩।।

ਬਾਬੀਹਾ ਇਵ ਤੇਰੀ ਤਿਖਾ ਨ ਉਤਰੈ ਜੇ ਸਉ ਕਰਹਿ ਪੁਕਾਰ।।
ਨਦਰੀ ਸਤਿਗੁਰੁ ਪਾਈਐ ਨਦਰੀ ਉਪਜੈ ਪਿਆਰੁ।।
ਨਾਨਕ ਸਾਹਿਬੁ ਮਨਿ ਵਸੈ ਵਿਚਹੁ ਜਾਹਿ ਵਿਕਾਰ।।
(ਪੰਨਾ ੧੨੮੫)

ਜਦੋਂ ਇਹ ਜੀਵਾਤਮਾ-ਪਾਪੀਹਾ ਉਸ ਪ੍ਰਭੂ ਅੱਗੇ ਨਾਮ ਜਲ ਲਈ ਪੁਕਾਰ ਕਰਦਾ ਹੈ ਤਾਂ ਇਸ ਦੀ ਪਪੀਹੇ ਵਾਲੀ ਪੀਆ ਪੀਆ ਵਾਲੀ ਸੱਚੀ ਪੁਕਾਰ ਸੁਣ ਕੇ ਪਰਮਾਤਮਾ ਗੁਰੂ ਰੂਪ ਹੋਕੇ ਵਰਸਦਾ ਹੈ, ਸ਼ਬਦ ਦੀ ਰਾਹੀਂ ਨਾਮ ਬਖਸ਼ ਕੇ ਇਸ ਜੀਵ-ਪਾਪੀਹੇ ਨੂੰ ਪ੍ਰਭੂ ਦੇ ਸੱਚੇ ਨਾਮ ਦਾ ਅੰਮ੍ਰਿਤ ਦੇ ਕੇ ਤਨ ਮਨ ਹਰਾ ਕਰ ਦਿੰਦਾ। ਬਲਕਿ ਜਦੋਂ ਗੁਰੂ ਰੂਪ ਹੋਕ ਹਰੀ ਪ੍ਰਮਾਤਮਾ ਵਸਦਾ ਹੈ ਤਾਂ ਫਿਰ ਸਾਰੇ ਪਾਸੇ ਹਰਿਆਲੀ (ਵਣ ਤਣ ਭੀ ਹਰਾ) ਕਰ ਦਿੰਦਾ ਹੈ।

ਸਲੋਕ ਮ: ੩।।

ਬਾਬੀਹਾ ਅੰਮ੍ਰਿਤ ਵੇਲੈ ਬੋਲਿਆ
ਤਾਂ ਦਰਿ ਸੁਣੀ ਪੁਕਾਰ।।
ਮੇਘੈ ਨੋ ਫੁਰਮਾਨੁ ਹੋਆ
ਵਰਸਹੁ ਕਿਰਪਾ ਧਾਰਿ।।
ਹਉ ਤਿਨ ਕੈ ਬਲਿਹਾਰਣੈ
ਜਿਨੀ ਸਚੁ ਰਖਿਆ ਉਰਿਧਾਰਿ।।
ਨਾਨਕ ਨਾਮੇ ਸਭਿ ਹਰਿਆਵਲੀ
ਗੁਰ ਕੈ ਸਬਦਿ ਵੀਚਾਰਿ।।੧।। (ਪੰਨਾ ੧੨੮੫)

ਜਦੋਂ ਇਹ ਜੀਵ-ਇਸਤਰੀ ਮਾਇਆ ਦੇ ਮੋਹ ਵਿੱਚ ਦੂਜੇ-ਭਾਉ ਵਿੱਚ ਪ੍ਰਭੂ ਦੀ ਪ੍ਰੀਤੀ ਛੱਡ ਦਿੰਦੀ ਹੈ ਤਾਂ ਮਜੀਠ ਰੰਗ ਦੀ ਥਾਂ ਥੋੜ ਚਿਰੇ ਕੁਸੰਭੇ ਰੰਗ ਦੀ ਚਮਕ ਦਮਕ ਦੀ ਝੂਠੀ ਭਾਅ ਵਿੱਚ ਭੁੱਲ ਕੇ ਆਪਣੀ ਕੀਮਤ ਭੀ ਗੁਆ ਬਹਿੰਦੀ ਹੈ ਭਾਵ ਜੀਵਨ ਦੀ ਬਾਜ਼ੀ ਹਾਰ ਜਾਂਦੀ ਹੈ। ਜੋਬਨ ਰੂਪੀ ਜੀਵਨ ਸੱਚੀ ਪ੍ਰੀਤ ਬਿਨਾਂ ਮੁਰਝਾਅ ਜਾਂਦਾ ਹੈ ਕੁਮਲਾਅ ਜਾਂਦਾ ਹੈ ਜਿਵੇਂ ਜਵਾਰਾਂ ਦਾ ਬੂਟਾ ਵਰਖਾ ਰੁੱਤੇ ਸੁੱਕ ਜਾਂਦਾ ਹੈ ਜਦ ਕਿ ਬਾਕੀ ਸਭ ਬਨਾਸਪਤੀ ਟਹਿਕ ਮਹਿਕ ਅਤੇ ਹਰਿਆਲੀ ਵਾਲੀ ਹੋ ਜਾਂਦੀ ਹੈ। ਪਰ ਆਪਣੀ ਖਸਲਤ ਕਰਕੇ ਜਵਾਰਾਂ ਦਾ ਬੂਟਾ ਸੁੱਕ ਸੜ ਜਾਂਦਾ ਹੈ।

ਇਵੇਂ ਹੀ ਗੁਣ-ਹੀਣੀ ਨਿਖਸਮੀ ਇਸ ਵਰਖਾ ਰੁੱਤੇ ਭੀ ਸਗੋਂ ਸੜਦੀ ਰਹਿੰਦੀ ਹੈ। ਉਸ ਪ੍ਰੀਤਮ-

(ਬਾਕੀ ਪੰਨਾ ੩੯ ਤੇ........)


www.AKJ.Org

# ਬਾਬਾ ਬੁੱਢਾ ਜੀ

ਬਾਬਾ ਬੁੱਢਾ ਜੀ ਉੱਚੇ ਸੁੱਚੇ, ਪ੍ਰਸਿੱਧ, ਅਤੇ ਕਰਨੀ ਵਾਲੇ ਗੁਰਮੁਖ ਗੁਰਸਿੱਖ ਹੋਏ ਹਨ। ਉਨ੍ਹਾਂ ਨੇ ਗੁਰਸਿੱਖੀ ਦਾ ਉਪਦੇਸ਼ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲਿਆ ਅਤੇ ਛੇਵੀਂ ਪਾਤਿਸ਼ਾਹੀ ਦੇ ਸਮੇਂ ਤੀਕ ਗੁਰਸਿੱਖੀ ਦਾ ਨਮੂਨਾ ਬਣ ਕੇ ਜੀਵਨ ਬਤੀਤ ਕੀਤਾ।

ਬਾਬਾ ਜੀ ਦਾ ਜਨਮ ਸੁਘੋ ਰੰਧਾਵੇ ਜੱਟ ਦੇ ਘਰ ਮਾਤਾ ਗੌਰਾਂ ਦੀ ਕੁੱਖ ਤੋਂ ੭ ਕੱਤਕ ਸੰਮਤ ੧੫੬੩ ਨੂੰ ਕਥੂ ਨੰਗਲ, ਜਿਲ੍ਹਾ ਅੰਮ੍ਰਿਤਸਰ ਵਿੱਚ ਹੋਇਆ। ਮਾਪਿਆਂ ਨੇ ਉਨ੍ਹਾਂ ਦਾ ਨਾਂ ਬੂੜਾ ਰਖਿਆ, ਮਗਰੋਂ ਗੁਰੂ ਨਾਨਕ ਦੇਵ ਜੀ ਦਾ ਬਚਨ ਮੂਜ਼ਬ ਉਨ੍ਹਾਂ ਦਾ ਨਾਂ ਬੁੱਢਾ ਜੀ ਪੈ ਗਿਆ। ਬੂੜਾ ਜੀ ਦੇ ਜਨਮ ਤੋਂ ਕੁੱਝ ਚਿਰ ਮਗਰੋਂ ਉਨ੍ਹਾਂ ਦੇ ਮਾਪੇ ਪਿੰਡ ਰਮਦਾਸ (ਜ਼ਿਲਾ ਅੰਮ੍ਰਿਤਸਰ) ਵਿੱਚ ਆ ਵਸੇ।

ਆਮ ਜੱਟ ਮੁੰਡਿਆਂ ਵਾਂਗ ਬੂੜਾ ਜੀ ਛੋਟੇ ਹੁੰਦੇ ਮੱਝਾਂ ਦੇ ਵਾਗੀ ਬਣੇ। ਜਦ ਉਹ ਯਾਰ੍ਹਾਂ ਵਰ੍ਹਿਆਂ ਦੇ ਸਨ, ਤਦ ਗੁਰੂ ਨਾਨਕ ਦੇਵ ਜੀ ਫਿਰਦੇ ਫਿਰਾਂਦੇ ਅਤੇ ਸਤਿਨਾਮੁ ਦੇ ਗੱਫੇ ਵਰਤਾਂਦੇ ਰਮਦਾਸ ਪਿੰਡ ਦੇ ਪਾਸ ਆ ਟਿਕੇ। ਬੂੜਾ ਜੀ ਵੀ ਮੱਝਾਂ ਚਾਰਦੇ ਉਥੇ ਆ ਗਏ। ਉਨ੍ਹਾਂ ਨੇ ਗੁਰੂ ਜੀ ਦੇ ਦਰਸ਼ਨ ਕੀਤੇ ਅਤੇ ਉਨ੍ਹਾਂ ਦਾ ਉਪਦੇਸ਼ ਸੁਣਿਆ। ਉਨ੍ਹਾਂ ਦੇ ਮਨ ਵਿੱਚ ਅਜਿਹੀ ਰੀਝ ਪੈਦਾ ਹੋ ਗਈ ਕਿ ਉਹ ਰੋਜ਼ ਨੇਮ ਨਾਲ ਗੁਰੂ ਜੀ ਪਾਸ ਆ ਬਿਹਾ ਕਰਨ ਅਤੇ ਕਿੰਨਾਂ ਕਿੰਨਾਂ ਚਿਰ ਟਿਕ ਬੰਨ੍ਹ ਕੇ ਉਨ੍ਹਾਂ ਦੇ ਦਰਸ਼ਨ ਕਰਦੇ ਤੇ ਕੰਨ ਲਾ ਕੇ ਬਚਨ ਸੁਣਦੇ ਰਿਹਾ ਕਰਨ। ਨਾਲ ਹੀ ਗੁਰੂ ਜੀ ਵਾਸਤੇ ਦੁੱਧ ਲਿਆ ਕੇ ਬੜੇ ਪਰੇਮ ਨਾਲ ਭੇਟ ਕਰਿਆ ਕਰਨ।

ਇੱਕ ਦਿਨ ਗੁਰੂ ਜੀ ਨੇ ਉਨ੍ਹਾਂ ਨੂੰ ਕਿਹਾ, *"ਕਾਕਾ ਤੇਰਾ ਕੀ ਨਾਂ ਹੈ ? ਤੂੰ ਕੀ ਕੰਮ ਕਰਦਾ ਹੁੰਦਾ ਏਂ ?"*

ਬੂੜਾ ਜੀ – ਸੱਚੇ ਪਾਤਸ਼ਾਹ, ਮੈਂ ਰਮਦਾਸ, ਵਿੱਚ ਰਹਿਣ ਵਾਲੇ ਇੱਕ ਜੱਟ ਦਾ ਪੁੱਤ ਹਾਂ। ਮਾਪਿਆਂ ਨੇ ਮੇਰਾ ਨਾਂ ਬੂੜਾ ਰੱਖਿਆ ਹੈ ਮੈਂ ਮੱਝਾਂ ਚਾਰਿਆ ਕਰਦਾ ਹਾਂ।

ਗੁਰੂ ਜੀ – ਤੂੰ ਕੀ ਇੱਛਾ ਧਾਰ ਕੇ ਸਾਡੇ ਪਾਸ ਆਉਂਦਾ ਹੈ ? ਤੂੰ ਕੀ ਚਾਹੁੰਦਾ ਹੈਂ ?

ਬੂੜਾ ਜੀ – ਸੱਚੇ ਪਾਤਸ਼ਾਹ ! ਮੇਰੀ ਬੇਨਤੀ ਹੈ ਕਿ ਮੈਨੂੰ ਮੌਤ ਦੇ ਦੁੱਖ ਤੇ ਡਰ ਤੋਂ ਬਚਾਉ, ਇਸ ਚੁਰਾਸੀ ਦੇ ਗੇੜ ਵਿੱਚੋਂ ਕੱਢੋ, ਮੁਕਤੀ ਬਖਸ਼ੋ।

ਗੁਰੂ ਜੀ – ਕਾਕਾ ! ਤੇਰੀ ਤੇ ਹਾਲਾਂ ਖੇਡਣ-ਮੱਲ੍ਹਣ, ਖਾਣ-ਹੰਡਾਉਣ ਦੀ ਉਮਰ ਹੈ। ਤੈਨੂੰ ਮੌਤ ਤੇ ਮੁਕਤੀ ਦੇ ਖਿਆਲਾਂ ਨੇ ਕਿਵੇਂ ਆ ਫੜਿਆ ? ਵੱਡਾ ਹੋਵੇਗਾ ਤਾਂ ਇਹ ਗੱਲਾਂ ਕਰੀਂ।

ਬੂੜਾ ਜੀ – ਮਹਾਰਾਜ ਜੀ ! ਮੌਤ ਦਾ ਕੀ ਵਸਾਹ ? ਕੀ ਪਤਾ ਕਦੋਂ ਆ ਝੱਫੇ ! ਖਬਰੇ ਵੱਡਾ ਹੋਵਾਂ ਕਿ ਨਾ ਹੀ ਹੋਵਾਂ।

ਗੁਰੂ ਜੀ – ਤੈਨੂੰ ਇੰਨੀ ਛੋਟੀ ਉਮਰੇ ਇਹ ਸੋਚ ਕਿਵੇਂ ਫੁਰੀ ਕਾਕਾ ਬੂੜਿਆ ?

ਬੂੜਾ ਜੀ –ਮਹਾਰਾਜ ਜੀ, ਉਹ ਇਉਂ! ਕੁਝ ਚਿਰ ਹੋਇਆ , ਪਠਾਣ ਪਿੰਡ ਪਾਸ ਦੀ ਲੰਘੇ, ਉਹ ਬਦੋ ਬਦੀ ਸਾਡੀਆ ਫਸਲਾਂ ਵੱਢ ਕੇ ਲ ਗਏ-ਪੱਕੀਆਂ ਵੀ ਕੱਚੀਆਂ ਵੀ, ਤੇ ਅੱਧ ਪੱਕੀਆਂ ਵੀ। ਉਦੋਂ ਤੋਂ ਮੈਨੂੰ ਘੜੀ ਮੁੜੀ ਖਿਆਲ ਆਉਂਦਾ ਹੈ ਕਿ ਜਿਵੇਂ ਪਠਾਣ ਕੱਚੀਆਂ ਫਸਲਾਂ, ਵੱਢ ਕੇ ਲੈ ਗਏ ਹਨ ਤਿਵੇ ਹੀ ਮੌਤ ਵੀ ਬੱਚੇ, ਗੱਭਰੂ ਅੱਧਖੜ, ਬੁੱਢੇ ਨੂੰ ਜਦੋਂ ਜੀ ਕਰੇ ਆ ਨੱਪੇਗੀ ਕੀ ਪਤਾ ਮੇਰੀ ਵਾਰੀ ਕਦੋਂ ਆ ਜਾਵੇ ? ਇਸ ਕਰ ਕੇ ਮੈਂ ਮੌਤ ਤੋਂ ਡਰਦਾ ਹਾਂ ਤੁਹਾਡੇ ਪਾਸ ਇਹ ਆਸ ਧਾਰ ਕੇ ਆਉਂਦਾ ਹਾਂ ਕਿ ਤੁਸੀਂ ਮੇਰਾ ਇਹ ਡਰ ਦੂਰ ਕਰੋਗੇ।

ਗੁਰੂ ਜੀ ਹੱਸ ਪਏ ਅਤੇ ਕਹਿਣ ਲਗੇ, ਤੂੰ ਹੈਂ ਤਾਂ ਬੱਚਾ, ਪਰ ਗੱਲਾਂ ਬੁਢਿਆਂ ਵਾਲੀਆਂ ਕਰਦਾ ਹੈਂ ! ਤੂੰ ਬੱਚਾ ਨਹੀਂ, ਤੂੰ ਬੁੱਢਾ ਹੈਂ। ਤਕੜਾ ਹੋ, ਬੁੱਢੇ ਬਾਲਕਾ ! ਰੱਬ ਮੌਤ ਨਾਲੋਂ ਕਿਤੇ ਵਧੇਰੇ ਵੱਡਾ ਤੇ ਬਲਵਾਨ ਹੈ। ਜੇ ਤੂੰ ਉਸ ਦਾ ਹੋ ਜਾਵੇਂ, ਤਾਂ ਮੌਤ ਤੈਨੂੰ ਡਰਾ ਨਾ ਸਕੇਗੀ, ਉਹ ਤੈਥੋਂ ਡਰਨ ਲੱਗ ਪਵੇਗੀ, ਤੂੰ ਅਮਰ ਹੋ ਜਾਵੇਂਗਾ, ਜਨਮ ਮਰਨ ਦੇ ਗੇੜ ਤੋਂ ਛੁੱਟ ਜਾਵੇਗਾ। ਰੱਬ ਨੂੰ ਹਰ ਵੇਲੇ ਚੇਤੇ ਰੱਖਿਆ ਕਰ, ਉਸ ਦਾ ਨਾਮ ਜਪਿਆ ਕਰ, ਉਸ ਦੇ ਪੈਦਾ ਕੀਤੇ ਜੀਵ ਨਾਲ ਪਿਆਰ ਕਰਿਆ ਕਰ, ਉਨ੍ਹਾਂ ਦੀ ਪਿਆਰ ਨਾਲ ਸੇਵਾ ਕਰਿਆ ਕਰ, ਜੋ ਤੇਰੇ ਹਿਰਦੇ ਵਿੱਚ ਰੱਬ ਲਈ ਪਿਆਰ ਪੈਦਾ ਹੋ ਪਵੇ, ਫੇਰ ਮੌਤ ਦਾ ਵੀ ਤੇ ਹੋਰ ਸਭੇ ਡਰ ਵੀ ਮਿਟ ਜਾਣ, ਤੈਨੂੰ ਮੁਕਤੀ ਮਿਲ ਜਾਵੇਗੀ।

ਉਸ ਦਿਨ ਤੋਂ ਬੂੜਾ ਜੀ ਦਾ ਨਾਂ 'ਬੁੱਢਾ' ਜੀ ਪੈ ਗਿਆ। ਸਿੱਖ ਉਨ੍ਹਾਂ ਨੂੰ ਸਤਿਕਾਰ ਨਾਲ ਬਾਬਾ ਬੁੱਢਾ



www.AKJ.Org

ਜੀ ਆਖਦੇ ਹਨ ਬੁੱਢਾ ਜੀ ਨੇ ਸਿੱਖੀ ਧਾਰਨ ਕੀਤੀ ਉਹ ਗੁਰੂ ਨਾਨਕ ਦੇਵ ਜੀ ਦੇ ਸਿੱਖ ਬਣ ਗਏ। ਉਹ ਘਰ-ਬਾਰ ਛੱਡ ਕੇ ਗੁਰੂ ਜੀ ਦੇ ਦਰਬਾਰੇ ਰਹਿਣ ਲੱਗ ਪਏ। ਸਾਰਾ ਦਿਨ ਸੰਗਤਾਂ ਦੀ ਸੇਵਾ ਟਹਿਲ ਕਰਦੇ ਖੇਤਾਂ ਵਿੱਚ ਖੇਤੀ ਬਾੜੀ ਦਾ ਕੰਮ ਨਿਬਾਹੁੰਦੇ ਅਤੇ ਨਾਮ ਜਪਦੇ ਰਹਿੰਦੇ। ਉਨ੍ਹਾਂ ਨੇ ਆਪਣਾ ਜੀਵਨ ਸਿੱਖਾਂ ਲਈ ਨਮੂਨਾ ਬਣਾਇਆ ਅਤੇ ਗੁਰੂ ਜੀ ਦੇ *'ਨਾਮ ਜਪਣ, ਕਿਰਤ ਕਰਨ ਅਤੇ ਵੰਡ ਕੇ ਛਕਣ'* ਦੇ ਉਪਦੇਸ਼ ਨੂੰ ਕਮਾ ਕੇ ਵਿਖਾਇਆ। ਸੰਗਤਾਂ ਆਪ ਨੂੰ ਸਤਿਕਾਰ ਨਾਲ *'ਬਾਬਾ ਜੀ'* ਆਖਣ ਲੱਗ ਪਈਆਂ।

ਸ੍ਰੀ ਗੁਰੂ ਨਾਨਕ ਦੇਵ ਜੀ ਉਨ੍ਹਾਂ ਉੱਪਰ ਬਹੁਤ ਪਰਸੰਨ ਸਨ, ਇੰਨੇ ਪ੍ਰਸੰਨ ਕਿ ਜਦੋਂ ਆਪ ਨੇ ਗੁਰਗੱਦੀ ਸ੍ਰੀ ਗੁਰੂ ਅੰਗਦ ਦੇਵ ਨੂੰ ਸੌਂਪੀ, ਤਾਂ ਉਨ੍ਹਾਂ ਨੂੰ ਗੁਰਿਆਈ ਦੀ ਰਸਮ ਆਪ ਨੇ ਬਾਬਾ ਬੁੱਢਾ ਜੀ ਪਾਸੋਂ ਅਦਾ ਕਰਵਾਈ। ਮਗਰੋਂ ਤੀਜੀ, ਚੌਥੀ, ਪੰਜਵੀਂ ਤੇ ਛੇਵੀਂ ਪਾਤਸ਼ਾਹੀ ਨੂੰ ਗੁਰਤਾ ਦੀ ਰਸਮ ਵੀ ਬਾਬਾ ਬੁੱਢਾ ਜੀ ਹੀ ਅਦਾ ਕਰਦੇ ਰਹੇ। ਉਨ੍ਹਾਂ ਦੀ ਉੱਚਤਾ ਦੇ ਕਾਰਣ ਉਨ੍ਹਾਂ ਦੇ ਮਗਰੋਂ ਗੁਰਿਆਈ ਦੀ ਰਸਮ ਦਾ ਅਧਿਕਾਰ ਉਨ੍ਹਾਂ ਦੀ ਉਲਾਦ ਨੂੰ ਦਿੱਤਾ ਗਿਆ।

ਭਗਤੀ ਕਮਾਈ ਦਾ ਸਦਕਾ ਬਾਬਾ ਜੀ ਨੇ ਆਤਮਿਕ ਉੱਚਤਾ ਪ੍ਰਾਪਤ ਕੀਤੀ। ਸਿੱਖ ਸੰਗਤਾਂ ਵਿੱਚ ਉਨ੍ਹਾਂ ਦਾ ਖਾਸ ਸਤਿਕਾਰ ਹੋਣ ਲੱਗ ਪਿਆ। ਜਦ ਪਹਿਲੀ ਪਾਤਸ਼ਾਹੀ ਦੇ ਜੋਤੀ ਜੋਤ ਸਮਾਉਣ ਮਗਰੋਂ ਵੀ ਸ੍ਰੀ ਗੁਰੂ ਅੰਗਦ ਦੇਵ ਗੁਪਤ-ਵਾਸ ਵਿੱਚ ਹੀ ਰਹੇ ਅਤੇ ਆਪ ਦੇ ਦਰਸ਼ਨਾਂ ਦੇ ਅਭਿਲਾਸ਼ੀ ਸਿੱਖ ਆਪ ਨੂੰ ਲੱਭ ਨਾ ਸਕੇ, ਤਾਂ ਮੁਖੀ ਸਿੱਖ ਬਾਬਾ ਬੁੱਢਾ ਜੀ ਪਾਸ ਪਹੁੰਚੇ, ਜੋ ਉਸ ਸਮੇਂ ਆਪਣੇ ਪਿੰਡ ਰਮਦਾਸ ਵਿੱਚ ਰਹਿੰਦੇ ਸਨ ਅਤੇ ਬੇਨਤੀ ਕੀਤੀ ਕਿ ਆਪਣੀ ਆਤਮਕ ਸ਼ਕਤੀ ਵਰਤ ਕੇ ਪਤਾ ਕਰੋ ਕਿ ਗੁਰੂ ਜੀ ਕਿੱਥੇ ਹਨ ਫਿਰ ਉਨ੍ਹਾਂ ਨੂੰ ਪ੍ਰਗਟ ਹੋ ਕੇ ਦਰਸ਼ਨ ਦੇਣ ਲਈ ਪ੍ਰੇਰੋ। ਬਾਬਾ ਬੁੱਢਾ ਜੀ ਨੇ ਰਾੜ ਦੀ ਇਕਾਂਤ ਵਿੱਚ ਬੈਠ ਕੇ, ਗੁਰੂ ਜੀ ਦਾ ਧਿਆਨ ਧਰ ਕੇ ਅਰਦਾਸ ਕੀਤੀ। ਉਨ੍ਹਾਂ ਨੂੰ ਖਡੂਰ ਸਾਹਿਬ ਦੀ ਮਾਈ ਨਿਭਾਈ ਦੇ ਘਰ ਬਿਰਾਜ਼ ਰਹੇ ਗੁਰੂ ਜੀ ਦੇ ਦਰਸ਼ਨ ਹੋਏ। ਅਗਲੀ ਸਵੇਰ ਉਹ ਖਡੂਰ ਸਾਹਿਬ ਗਏ ਅਤੇ ਸੰਗਤਾਂ ਨੂੰ ਗੁਰੂ ਜੀ ਦੇ ਦਰਸ਼ਨ ਕਰਾਏ।

ਇਸੇ ਤਰ੍ਹਾਂ ਜਦ ਤੀਜੇ ਸਤਿਗੁਰੂ, ਦਾਤੂ ਦੇ ਕ੍ਰੋਧ ਤੇ ਈਰਖਾ ਦੀ ਅੱਗ ਮੱਠੀ ਕਰਨ ਦੀ ਖਾਤਰ ਬਾਸਰਕੇ ਜਾ ਕੇ ਗੁਪਤ ਹੋ ਬੈਠੇ ਸਨ, ਤਾਂ ਵੀ ਸੰਗਤਾਂ ਨੇ ਬਾਬਾ ਜੀ ਨੂੰ ਬੇਨਤੀ ਕੀਤੀ ਕਿ ਗੁਰੂ ਜੀ ਨੂੰ ਲੱਭ ਕੇ ਪ੍ਰਗਟ ਕਰੋ। ਜਿਸ ਕੋਠੇ ਵਿੱਚ ਗੁਰੂ ਅਮਰਦਾਸ ਜੀ ਬੈਠੇ ਸਨ, ਉਸ ਦੀ ਕੰਧ ਨੂੰ ਸੰਨ ਲਾ ਕੇ ਬਾਬਾ ਜੀ ਨੇ ਆਪ ਨੂੰ ਪ੍ਰੇਰਿਆ ਕਿ ਸੰਗਤਾਂ ਨੂੰ ਦਰਸ਼ਨ ਦਿਓ।

ਜਦ ਪੰਚਮ ਪਾਤਸ਼ਾਹ ਨੇ ਸ੍ਰੀ ਦਰਬਾਰ ਸਾਹਿਬ ਅਤੇ ਅੰਮ੍ਰਿਤ ਸਰੋਵਰ ਦੀ ਤਿਆਰੀ ਆਰੰਭੀ ਤਾਂ ਬਾਬਾ ਜੀ ਇਸ ਸੇਵਾ ਦੇ ਮੋਢੀ ਪ੍ਰਬੰਧਕ ਬਣੇ। ਸ੍ਰੀ ਦਰਬਾਰ ਸਾਹਿਬ ਦੀ ਪ੍ਰਕਰਮਾ ਵਿੱਚ ਉੱਤਰ-ਪੂਰਬ ਦੀ ਬਾਹੀ ਵਲ ਬਾਬਾ ਬੁੱਢਾ ਜੀ ਦੀ ਬੇਰੀ ਹੁਣ ਤੱਕ ਮੌਜੂਦ ਹੈ। ਇਸੇ ਬੇਰੀ ਹੇਠ ਬੈਠ ਕੇ ਉਹ ਸੰਗਤਾਂ ਪਾਸੋਂ ਠੀਕ ਢੰਗ ਨਾਲ ਸੇਵਾ ਕਰਵਾਇਆ ਕਰਦੇ ਸਨ। ਉਹ ਹੱਥੀਂ ਸੇਵਾ ਵੀ ਕਰਦੇ ਸਨ, ਸੰਗਤਾਂ ਨੂੰ ਕਹੀਆਂ, ਟੋਕਰੀਆਂ ਤੇ ਹੋਰ ਸਮਾਨ ਦਿਆ ਕਰਦੇ ਸਨ ਅਤੇ ਸਾਰੇ ਕੰਮ ਦੀ ਨਿਗਰਾਨੀ ਕਰਿਆ ਕਰਦੇ ਸਨ।

ਇਹ ਸੇਵਾ ਸੰਪੂਰਨ ਹੋਣ ਤੇ ਬਾਬਾ ਜੀ ਨੇ ਇੱਕ ਹੋਰ ਸੇਵਾ ਸੰਭਾਲੀ। ਜਿਲਾ ਅੰਮ੍ਰਿਤਸਰ ਦੇ ਪਿੰਡ ਝਬਾਲ ਦੇ ਪਾਸ ਕਾਫ਼ੀ ਸਾਰੀ ਭੌਂ ਗੁਰੂ ਜੀ ਨੂੰ ਭੇਟਾ ਹੋਈ ਸੀ। ਏਥੇ ਗੁਰੂ ਸਾਹਿਬਾਂ ਦਾ ਮਾਲ ਡੰਗਰ ਚਰਿਆ ਕਰਦਾ ਸੀ। ਇਸ ਨੂੰ ਬੀੜ ਆਖਦੇ ਸਨ। ਇਸ ਬੀੜ ਦੀ ਤੇ ਇਸ ਵਿਚਲੇ ਮਾਲ ਡੰਗਰ ਦੀ ਸੰਭਾਲ ਬਾਬਾ ਬੁੱਢਾ ਜੀ ਨੂੰ ਸੌਂਪੀ ਗਈ। ਬਾਬਾ ਜੀ ਨੇ ਆਪਣੀ ਉਮਰ ਦਾ ਬਹੁਤ ਸਾਰਾ ਹਿੱਸਾ ਇਸ ਬੀੜ ਵਿੱਚ ਗੁਰੂ ਘਰ ਦੀ ਸੇਵਾ ਕਰਦਿਆਂ ਗੁਜ਼ਾਰਿਆ। ਉਹ ਘਾਹ ਖੋਤ ਕੇ ਗੁਰੂ ਜੀ ਦੇ ਘੋੜਿਆਂ, ਗਊਆਂ, ਮੱਝਾਂ ਆਦਿ ਨੂੰ ਪਾਇਆ ਕਰਦੇ ਸਨ। ਇਸ ਲਈ ਉਹ ਆਪਣੇ ਆਪ ਨੂੰ ਗੁਰੂ ਜੀ ਦਾ ਘਾਹੀ (ਘਾਹ ਖੋਤਣ ਵਾਲਾ) ਕਿਹਾ ਕਰਦੇ ਸਨ। ਇਸ ਬੀੜ ਦਾ ਨਾਂ, ਬਾਬਾ ਬੁੱਢਾ ਜੀ ਦੀ ਬੀੜ ਜਾਂ ਬਾਬੇ ਦੀ ਬੀੜ ਪੈ ਗਿਆ। ਏਥੇ ਇਸ ਨਾਂ ਦਾ ਇਤਿਹਾਸਕ ਗੁਰਦੁਆਰਾ ਹੈ।

ਆਪ ਦਾ ਗੁਰੂ ਘਰ ਵਿੱਚ ਇੰਨਾਂ ਮਾਨ ਸਤਿਕਾਰ ਸੀ ਕਿ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਪਣੇ ਸਾਹਿਬਜ਼ਾਦੇ, ਸ੍ਰੀ ਹਰਿਗੋਬਿੰਦ ਸਾਹਿਬ ਦੀ ਸਿਖਲਾਈ ਪੜ੍ਹਾਈ ਦਾ ਕੰਮ ਆਪ ਦੇ ਸਪੁਰਦ ਕੀਤਾ। ਇਨ੍ਹਾਂ ਨੇ ਸ੍ਰੀ ਹਰਿਗੋਬਿੰਦ ਸਾਹਿਬ ਨੂੰ ਗੁਰਮੁਖੀ, ਗੁਰਬਾਣੀ ਦੇ ਗੁਰ-ਇਤਿਹਾਸ ਦੀ ਪੜ੍ਹਾਈ ਵੀ ਕਰਾਈ ਅਤੇ ਨਾਲ ਹੀ ਘੋੜ ਸਵਾਰੀ, ਸ਼ਸ਼ਤਰਾਂ ਦੀ


www.AKJ.Org

ਵਰਤੋਂ, ਕੁਸ਼ਤੀ (ਘੋਲ) ਅਤੇ ਹੋਰ ਸਰੀਰਕ ਸਿਖਲਾਈ ਵੀ ਕਰਵਾਈ। ਮਗਰੋਂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੇ ਸਾਹਿਬਜ਼ਾਦਿਆਂ ਦੀ ਸਿਖਲਾਈ ਪੜ੍ਹਾਈ ਵੀ ਬਾਬਾ ਜੀ ਨੇ ਕਰਾਈ।

ਜਦੋਂ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ੍ਰੀ (ਗੁਰੂ) ਗ੍ਰੰਥ ਸਾਹਿਬ ਦੀ ਬੀੜ ਤਿਆਰ ਕਰਕੇ ਉਸ ਦਾ ਪ੍ਰਕਾਸ਼ ਦਰਬਾਰ ਸਾਹਿਬ ਵਿੱਚ ਕੀਤਾ, ਤਾਂ ਉਨ੍ਹਾਂ ਨੇ ਬਾਬਾ ਬੁੱਢਾ ਜੀ ਨੂੰ ਸ੍ਰੀ ਦਰਬਾਰ ਸਾਹਿਬ ਦਾ ਪਹਿਲਾ ਗ੍ਰੰਥੀ ਨੀਅਤ ਕੀਤਾ।

ਜਦ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੂੰ ਜਹਾਂਗੀਰ ਬਾਦਸ਼ਾਹ ਨੇ ਕੈਦ ਕਰਕੇ ਗਵਾਲੀਅਰ ਦੇ ਕਿਲ੍ਹੇ ਵਿੱਚ ਭੇਜ ਦਿੱਤਾ, ਤਾਂ ਕੁੱਝ ਚਿਰ ਮਗਰੋਂ ਮਾਤਾ ਗੰਗਾ ਜੀ ਨੇ ਬਾਬਾ ਬੁੱਢਾ ਜੀ ਨੂੰ ਗੁਰੂ ਜੀ ਦੀ ਖਬਰ ਸੁਰਤ ਲਿਆਉਣ ਵਾਸਤੇ ਗਵਾਲੀਅਰ ਭੇਜਿਆ। ਉਹ ਗਏ ਅਤੇ ਗੁਰੂ ਜੀ ਨੂੰ ਮਿਲ ਕੇ ਸੁੱਖ ਸੁਨੇਹਾ ਲੈ ਕੇ ਵਾਪਸ ਆਏ ਗੁਰੂ ਜੀ ਦੀ ਕੈਦ ਸਮੇਂ ਵਿੱਚ ਹੀ ਬਾਬਾ ਬੁੱਢਾ ਜੀ ਨੇ ਰਾਤ ਵੇਲੇ *'ਚੌਕੀਆਂ'*, ਦਾ ਰਿਵਾਜ਼ ਤੋਰਿਆ। ਸ਼ਾਮ ਵੇਲੇ ਸੰਗਤਾਂ ਜੱਥਾ ਜਾਂ ਚੌਂਕੀ ਬਣਾ ਕੇ ਸ਼ਬਦ ਪੜ੍ਹਦੀਆਂ ਪੜ੍ਹਦੀਆਂ ਸ੍ਰੀ ਦਰਬਾਰ ਸਾਹਿਬ ਦੀ ਪ੍ਰਕਰਮਾ ਕਰਦੀਆਂ ਅਤੇ ਮਗਰੋਂ ਅਰਦਾਸਾ ਕਰਕੇ ਵਿਦਾ ਹੁੰਦੀਆਂ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੂੰ ਇਹ ਗੱਲ ਬੜੀ ਪਸੰਦ ਆਈ। ਆਪ ਨੇ ਆਗਿਆ ਕੀਤੀ ਕਿ ਇਹ ਰੀਤ ਸਦਾ ਜਾਰੀ ਰਹੇਗੀ। ਇਹ ਹੁਣ ਤੀਕ ਜਾਰੀ ਹੈ।

ਜਦ ਮਾਤਾ ਗੰਗਾ ਜੀ ਜੋਤੀ ਜੋਤ ਸਮਾ ਗਏ, ਤਾਂ ਬਾਬਾ ਬੁੱਢਾ ਜੀ ਨੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਬੇਨਤੀ ਕੀਤੀ, *'ਆਪ ਜੰਗਾਂ ਦੀ ਤਿਆਰੀ ਕਰ ਰਹੇ ਹੋ। ਮੈਂ ਹੁਣ ਬਿਰਧ ਹਾਂ। ਜੰਗ ਵਿੱਚ ਹਿੱਸਾ ਲੈਣ ਜੋਗਾ ਮੇਰੇ ਸਰੀਰ ਵਿੱਚ ਬਲ ਨਹੀਂ। ਆਪ ਆਗਿਆ ਦਿਓ ਕਿ ਮੈਂ ਬੀੜ ਵਿੱਚ ਜਾ ਕੇ ਸੇਵਾ ਕਰਾਂ।'* ਗੁਰੂ ਜੀ ਨੇ ਆਗਿਆ ਦੇ ਦਿੱਤੀ ਅਤੇ ਬਾਬਾ ਜੀ ਫੇਰ ਝਬਾਲ ਪਾਸਲੀ ਬੀੜ ਵਿੱਚ ਚਲੇ ਗਏ।

ਜਦ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਬਿਆਸ ਦੇ ਕੰਢੇ ਉੱਤੇ ਸ੍ਰੀ ਗੁਰੂ ਅਰਜਨ ਦੇਵ ਦੇ ਵਸਾਏ ਨਗਰ ਸ੍ਰੀ ਹਰਿਗੋਬਿੰਦ ਪੁਰ ਵਿੱਚ ਜਾ ਟਿਕੇ ਅਤੇ ਓਥੇ ਉਨ੍ਹਾਂ ਨੂੰ ਜੰਗ ਕਰਨਾ ਪਿਆ, ਤਾਂ ਬਾਬਾ ਬੁੱਢਾ ਜੀ ਆਪ ਦੇ ਦਰਸ਼ਨਾਂ ਲਈ ਸ੍ਰੀ ਹਰਿਗੋਬਿੰਦਪੁਰ ਗਏ। ਉਥੇ ਉਨ੍ਹਾਂ ਨੇ ਬੇਨਤੀ ਕੀਤੀ *"ਹੁਣ ਮੈਂ ਬਹੁਤ ਬਿਰਧ ਹੋ ਗਿਆ ਹਾਂ। ਬੀੜ ਦੀ ਸੇਵਾ ਤੋਂ ਛੁੱਟੀ ਬਖਸ਼ੋ ਅਤੇ ਆਗਿਆ ਕਰੋ ਕਿ ਮੈਂ ਆਪਣੇ ਪਿੰਡ ਰਮਦਾਸ ਜਾ ਕੇ ਭਜਨ ਬੰਦਗੀ ਕਰਦਾ ਉਮਰ ਦੇ ਅਖੀਰੀ ਦਿਨ ਬਤਾਵਾਂ। ਨਾਲ ਹੀ ਬਚਨ ਦਿਓ ਕਿ ਜਦੋਂ ਮੈਂ ਦਰਸ਼ਨਾਂ ਲਈ ਅਰਦਾਸ ਕਰਾਂ, ਆਪ ਨੇ ਜ਼ਰੂਰ ਬਹੁੜਨਾ।"*

ਗੁਰੂ ਜੀ ਦੀ ਆਗਿਆ ਲੈ ਕੇ ਬਾਬਾ ਜੀ ਰਮਦਾਸ ਜਾ ਟਿਕੇ ਅਤੇ ਭਜਨ ਬੰਦਗੀ ਵਿੱਚ ਰੁਝ ਗਏ। ਅੰਤ ਨੂੰ ਉਨ੍ਹਾਂ ਨੇ ਪਰਤੀਤ ਕੀਤਾ ਕਿ ਸਾਡੀ ਸੱਚਖੰਡ ਵਾਪਸੀ ਦਾ ਸਮਾਂ ਆ ਗਿਆ ਹੈ। ਉਨ੍ਹਾਂ ਨੇ ਇੱਕ-ਮਨ ਹੋ ਕੇ ਗੁਰੂ ਜੀ ਨੂੰ ਧਿਆਇਆ ਅਤੇ ਦਰਸ਼ਨਾਂ ਲਈ ਬੇਨਤੀ ਕੀਤੀ। ਬਚਨ ਦੇ ਸੂਰੇ ਗੁਰੂ ਜੀ ਝਟ ਆ ਬਹੁੜੇ। ਉਨ੍ਹਾਂ ਦਾ ਦਰਸ਼ਨ ਕਰ ਕੇ, ਅਸੀਸ ਲੈ ਕੇ, ਬਾਬਾ ਜੀ ੧੪ ਮੱਘਰ ਸੰਮਤ ੧੬੮੮ ਨੂੰ ਸਚਖੰਡ ਨੂੰ ਪਧਾਰ ਗਏ। ਉਨ੍ਹਾਂ ਦੀ ਉਮਰ ਉਸ ਵੇਲੇ ਸਵਾ ਸੌ ਸਾਲ ਤੋਂ ਵੱਧ ਸੀ।

(ਪੰਨਾ ੩੬ ਦਾ ਬਾਕੀ......)

ਪਿਆਰੇ ਦੀ ਸਾਂਝ ਬਿਨਾਂ ਇਸ ਦੀ ਕੋਈ ਬਾਤ ਨਹੀਂ ਪੁੱਛਦਾ। ਸਤਿਗੁਰੂ ਜੀ ਇਉਂ ਭੀ ਫੁਰਮਾਉਂਦੇ ਹਨ :-

ਸਲੋਕ ਮ: ੫।।

ਮਿਤ੍ਰੂ ਪਿਆਰਾ ਨਾਨਕ ਜੀ,
ਮੈ ਛਡਿ ਗਵਾਇਆ, ਰੰਗਿ ਕਸੁੰਭੈ ਭੁਲੀ।।
ਤਉ ਸਜਣ ਕੀ ਮੈ ਕੀਮ ਨ ਪਉਦੀ
ਹਉ ਤੁਧੁ ਬਿਨੁ ਅਢੁ ਨ ਲਹਦੀ।।੧।।

(ਰਾਮਕਲੀ ਕੀ ਵਾਰ, ਪੰਨਾ ੯੬੩)

ਸੋ ਇਸ ਸਾਵਣੁ ਰੂਪੀ ਮਨੁੱਖਾ ਜੀਵਨ ਦਾ ਲਾਹਾ ਲੈਣ ਲਈ ਸਾਵਣੁ ਰੂਪ ਹੋ ਕੇ ਵਰਸਦਾ ਪ੍ਰਭੂ ਦੇ ਹੁਕਮ ਨਾਲ ਗੁਰੂ-ਬੱਦਲ ਦਾ ਉਪਦੇਸ ਸ਼ਬਦ-ਬਾਣੀ ਅਤੇ ਸਾਵਣ-ਰੁੱਤੇ ਇਹ ਮਲਾਰ ਰਾਗ ਦਾ ਸ਼ਾਂਤਮਈ (ਸ਼ਾਂਤੀ ਦੇਣ ਵਾਲਾ) ਗੀਤ ਸੁਣੀਏ, ਤਾਂ ਜੋ ਇਸ ਪਪੀਹੇ (ਜੀਵ) ਨੂੰ ਤ੍ਰਿਪਤੀ ਹੋਵੇ। ਸੋ ਸਾਵਣ ਤੋਂ ਭਾਵ ਪ੍ਰਭੂ ਦੀ ਬਖਸ਼ਿਸ਼ ਭੀ ਹੈ। ਪਰਮਾਣ ਹੈ :-

"ਤੇਰੈ ਹੁਕਮੇ ਸਾਵਣੁ ਆਇਆ।।
ਮੈ ਸਤ ਕਾ ਹਲੁ ਜੋਆਇਆ।।
ਨਾਉ ਬੀਜਣ ਲਗਾ ਆਸ ਕਰਿ
ਹਰਿ ਬੋਹਲ ਬਖਸ ਜਮਾਇ ਜੀਉ।।੨।।"

(ਸਿਰੀ ਰਾਗ ਮ: ੫, ਪੰਨਾ ੭੩)



www.AKJ.Org

## -------ਰਿਸ਼ਤੇ ਨਾਤੇ-------

ਨੋਟ :- (੧) ਕੇਵਲ ਸ਼ਾਕਾਹਾਰੀ, ਅੰਮ੍ਰਿਤਧਾਰੀ ਬੱਚਿਆਂ ਲਈ ਹੀ ਚਿੱਠੀ ਪੱਤਰ ਕਰੋ ਜੀ। (੨) ਕੇਵਲ ਕੇਸਕੀਧਾਰੀ ਬੀਬੀਆਂ ਵਾਸਤੇ ਹੀ ਲਿਖੋ ਜੀ। (੩) ਇਸ ਕਾਲਮ ਵਿੱਚ ਛਪਵਾਉਣ ਲਈ ਆਪਣੇ ਅਤੇ ਪਰਿਵਾਰ ਬਾਰੇ ਵਿਸਥਾਰ ਸਹਿਤ ਪੂਰਾ ਵੇਰਵਾ ਲਿਖ ਕੇ 'ਸੂਰਾ' ਦਫਤਰ ਭੇਜੋ ਜੀ। (੪) ਕਿਸੇ ਇਸ਼ਤਿਹਾਰ ਦੇ ਜਵਾਬੀ ਪੱਤਰ ਨਾਲ ਇੱਕ ਰੁਪਏ ਦੀ ਟਿਕਟ ਲੱਗਿਆ ਖ਼ਾਲੀ ਲਿਫ਼ਾਫ਼ਾ ਬਿਨਾਂ ਕਿਸੇ ਪਤੇ ਤੇ ਜ਼ਰੂਰ ਭੇਜੋ ਜੀ।

LD-84 ੨੦ ਸਾਲਾ, ਕੱਦ ੫' ੧" ਅੱਖਾਂ ਦੀ ਰੋਸ਼ਨੀ ਘੱਟ (ਰਾਤ ਨੂੰ ਨਾ ਦੇਖ ਸਕਣ) ਵਾਲੀ ਬੀਬੀ ਲਈ ਵਰ ਦੀ ਲੋੜ ਹੈ।

LD-85 ਸਾਢੇ ੨੪ ਸਾਲਾ, ਕੱਦ ੫' ੩", ਬੀ. ਏ. ਪਾਸ, ਸਿਲਾਈ ਕਟਾਈ ਜਾਣਦੀ, ਘਰੇਲੂ ਕੰਮ ਵਿੱਚ ਨਿਪੁੰਨ ਬੀਬੀ ਲਈ ਵਰ ਦੀ ਲੋੜ ਹੈ।

LD-86 ਸਾਢੇ ੨੫ ਸਾਲਾ, ਕੱਦ ੫' ੨", ਬੀ. ਈ. ਐਮ. ਐਸ. ਡਾਕਟਰ, ਬਿਬੇਕੀ ਪਹਿਰੇ ਵਾਲੀ ਕੀਰਤਨੀ ਬੀਬੀ ਲਈ ਯੋਗ ਵਰ ਦੀ ਲੋੜ ਹੈ।

LD-87 ੨੪ ਸਾਲਾ, ਕੱਦ ੫' ੬", M. A. Ist ਪਾਸ ਅਤੇ ਬੀ. ਐਡ. ਕਰ ਰਹੀ, ਹਾਰਮੋਨੀਅਮ ਅਤੇ ਤਬਲਾ ਜਾਣਦੀ Interior Decoration ਅਤੇ Flower Making ਵਿੱਚ ਨਿਪੁੰਨ ਬੀਬੀ ਲਈ ਘੱਟੋ ਘੱਟ ਗਰੈਜੂਏਟ ਪਾਸ ਵਰ ਦੀ ਲੋੜ ਹੈ।

LD-88 ੨੩ ਸਾਲਾ, ਬੀ. ਕਾਮ. ਬੀ. ਐਡ. ਪਾਸ ਐਮ. ਕਾਮ. ਕਰ ਰਹੀ, ਕੰਪਿਊਟਰ ਕੋਰਸ ਪਾਸ, ਹਾਰਮੋਨੀਅਮ ਅਤੇ ਤਬਲਾ ਜਾਣਦੀ ਪ੍ਰੇਮਣੀ ਕਮੇਟੀ ਦੀ ਨੌਕਰੀ ਕਰ ਰਹੀ ਬੀਬੀ ਵਾਸਤੇ ਚੰਗੇ ਸਥਾਪਤ ਕਾਰੋਬਾਰ ਜਾਂ ਕਿਸੇ ਚੰਗੀ ਨੌਕਰੀ ਵਾਲੇ ਵਰ ਦੀ ਲੋੜ ਹੈ।

LD-89 ੨੯ ਸਾਲਾ, ਗਿਆਨੀ ਪਾਸ, ਪੰਜਾਬੀ ਸਟੈਨੋ, ਸਰਕਾਰੀ ਨੌਕਰੀ ੩੨੦੦/- ਮਾਹਵਾਰ, ਕੀਰਤਨੀ ਬੀਬੀ ਲਈ ਵਰ ਦੀ ਲੋੜ ਹੈ।

LD-90 ੨੪ ਸਾਲਾ, ੫' ੪", ਬੀ. ਏ. ਬੀ. ਐਡ., ਐਮ. ਏ. ਕਰ ਰਹੀ ੪੦੦੦/- ਮਾਹਵਾਰ ਦੀ ਸਰਕਾਰੀ ਨੌਕਰੀ ਕਰ ਰਹੀ ਅਖੰਡ ਪਾਠੀ ਤੇ ਕੀਰਤਨੀ ਬੀਬੀ ਲਈ ਯੋਗ ਵਰ ਦੀ ਲੋੜ ਹੈ।

LD-91 ੨੫ ਸਾਲਾ, ਕੱਦ ੫' ੩", ਮੈਟ੍ਰਿਕ ਪਾਸ, ਆਪਣੀ ਦੁਪੱਟਿਆਂ ਦੀ ਦੁਕਾਨ ੧੦,੦੦੦/- ਮਾਸਿਕ ਆਮਦਨ ਵਾਲੇ ਸਿੰਘ ਲਈ ਬੀਬੀ ਦੀ ਲੋੜ ਹੈ।

LD-92 ੨੫ ਸਾਲਾ, ਕੱਦ ੫' ੬" ਆਪਣਾ ਕਾਰੋਬਾਰ ੫੦੦੦/- ਮਾਸਿਕ ਆਮਦਨ ਵਾਲੇ ਸਿੰਘ ਲਈ ਬੀਬੀ ਦੀ ਲੋੜ ਹੈ।

LD-93 ੨੩ ਸਾਲਾ, ਕੱਦ ੫' ੭" ਆਪਣਾ ਕੰਮ ੪੦੦੦/- ਮਾਸਿਕ ਆਮਦਨ ਵਾਲੇ ਕੀਰਤਨੀ ਸਿੰਘ ਲਈ ਬੀਬੀ ਦੀ ਲੋੜ ਹੈ।

LD-94 ੨੪ ਸਾਲਾ, ਕੱਦ ੫' ੮", ੪੦੦੦/- ਮਾਸਿਕ ਆਮਦਨ ਵਾਲੇ ਸਿੰਘ ਲਈ ਬੀਬੀ ਦੀ ਲੋੜ ਹੈ।

LD-95 ੨੫ ਸਾਲਾ, ਕੱਦ ੫' ੯", ਏ. ਆਈ. ਆਈ. ਐਮ. ਈ. ਪਾਸ, ਇੰਜੀਨੀਅਰਿੰਗ ਕਾਲਜ ਵਿੱਚ ਲੈਕਚਰਾਰ ਸਰਬ ਲੋਹ ਬਿਬੇਕੀ ਪਹਿਰੇ ਦੇ ਧਾਰਨੀ ਕੀਰਤਨੀਏ ਸਿੰਘ ਲਈ ਬੀਬੀ ਦੀ ਲੋੜ ਹੈ।

LD-96 ੫੫ ਸਾਲਾ, ਗੁਰਸਿੱਖ ਕੱਦ ੫' ੭" ਬੀ. ਏ. ਪਾਸ ੨੫੦੦/- ਮਾਹਵਾਰ ਪੈਨਸ਼ਨ ਲੈ ਰਹੇ ਆਪਣੀ ਸ਼ਹਿਰੀ ਜਾਇਦਾਦ ਦੇ ਮਾਲਕ, ਘਰੇਲੂ ਜ਼ਿੰਮੇਵਾਰੀਆਂ ਤੋਂ ਸੁਰਖਰੂ ਸਿੰਘ ਲਈ ਕੋਈ ਬਗੈਰ ਬੱਚੇ ਤੋਂ ਵਿਧਵਾ, ਤਲਾਕਸ਼ੁਦਾ ਜਾਂ ਹੋਰ ਲੋੜਵੰਦ ਜੀਵਨ ਸਾਥਣ ਦੀ ਲੋੜ ਹੈ। ਪਹਿਲੀ ਪਤਨੀ ਅਕਾਲ ਚਲਾਣਾ ਕਰ ਗਈ ਹੈ ਤੇ ਦੋਨੋ ਲੜਕੇ ਆਪਣੀ ਜਗ੍ਹਾ Settled ਹਨ।

LD-97 ੨੨ ਸਾਲਾ, ਕੱਦ ੫' ੫", ਬੀ. ਏ. ਪਾਸ, ਕੀਰਤਨੀ ਤੇ ਅਖੰਡ ਪਾਠੀ ਬੀਬੀ ਲਈ ਯੋਗ ਵਰ ਦੀ ਲੋੜ ਹੈ।

LD-98 ੨੨ ਸਾਲਾ ਇਕ ਬੱਚੇ ਵਾਲੀ ਵਿਧਵਾ ਬੀਬੀ ਲਈ ਸਿੰਘ ਦੀ ਲੋੜ ਹੈ।

## ਦਿੱਲੀ ਵਿਖੇ ਸਾਲਾਨਾ ਅਖੰਡ ਕੀਰਤਨ ਸਮਾਗਮ 18 ਤੋਂ 22 ਅਕਤੂਬਰ ਤੱਕ

| ਸਵੇਰ (5 ਵਜੇ ਤੋਂ ਦੁਪਹਿਰ ਤੱਕ) | ਸ਼ਾਮ (7 ਤੋਂ 9 ਤੱਕ) |
|---|---|
| 18.10.96 ਗੁ: ਰਕਾਬ ਗੰਜ (ਰੈਣਿ ਸਬਾਈ ਕੀਰਤਨ) | ਗੁ: ਸਿੰਘ ਸਭਾ ਕਰੋਲ ਬਾਗ |
| 19.10.96 ਗੁ: ਬੰਗਲਾ ਸਾਹਿਬ | ਗੁ: ਨਾਨਕ ਪਿਆਓ ਆਦਰਸ਼ ਨਗਰ |
| 20.10.96 ਗੁ: ਸੀਸ ਗੰਜ ਸਾਹਿਬ | ਗੁ: ਬੰਗਲਾ ਸਾਹਿਬ |
| 21.10.96 ਗੁ: ਬੰਗਲਾ ਸਾਹਿਬ | |

ਅੰਮ੍ਰਿਤ ਸੰਚਾਰ:- ਗੁ: ਰਕਾਬ ਗੰਜ ਸਾਹਿਬ ਵਿਖੇ 21.10.96 ਸ਼ਾਮ ਨੂੰ।

ਰਿਹਾਇਸ਼ ਤੇ ਲੰਗਰ :- ਗੁਰੂ ਤੇਗ ਬਹਾਦਰ ਖਾਲਸਾ ਸੀਨੀਅਰ ਸੈਕੰਡਰੀ ਸਕੂਲ ਦੇਵ ਨਗਰ ਕਰੋਲ ਬਾਗ ਵਿਖੇ।

ਦਾਸਰੇ :- ਅਖੰਡ ਕੀਰਤਨੀ ਜੱਥਾ ਦਿੱਲੀ।



www.AKJ.Org

## ਜਲੰਧਰ ਵਿਖੇ ਬਿਨ੍ਹਾਂ ਫੀਸ ਤੋਂ ਕੀਰਤਨ ਸਿਖਲਾਈ

ਸਿੱਖ ਜੀਵਨ ਸੰਗੀਤ ਵਿਦਿਆਲਾ, ਜਲੰਧਰ ਵਲੋਂ ਸੰਗਤਾਂ ਦੀ ਮੰਗ ਨੂੰ ਮੁੱਖ ਰੱਖਦਿਆਂ ਰੋਜ਼ਾਨਾ ਸ਼ਾਮ 4 ਵਜੇ ਤੋਂ 7 ਵਜੇ ਤੱਕ ਹੇਠ ਲਿਖੇ ਅਸਥਾਨਾਂ ਤੇ ਹਾਰਮੋਨੀਅਮ ਅਤੇ ਤਬਲੇ ਦੀ ਸਿਖਲਾਈ ਬਿਨਾਂ ਕਿਸੇ ਭੇਟਾ ਤੋਂ ਦਿੱਤੀ ਜਾ ਰਹੀ ਹੈ। ਚਾਹਵਾਨ ਸੰਗਤਾਂ ਪਹੁੰਚ ਕੇ ਲਾਭ ਉਠਾਓ :-

(1) ਗੁਰਦੁਆਰਾ ਪਾ: ੯, ਗੁਰੂ ਤੇਗ ਬਹਾਦਰ ਨਗਰ (2) ਗੁ: ਸ਼ਹੀਦ ਬਾਬਾ ਸੰਗਤ ਸਿੰਘ ਜੀ ਨੇੜੇ ਗੁਲਾਬ ਦੇਵੀ ਹਸਪਤਾਲ ਜਲੰਧਰ (3) ਗੁ: ਪਾਤਸ਼ਾਹੀ ੬ ਬਸਤੀ ਸ਼ੇਖ ਜਲੰਧਰ।

## ਸੂਰਾ ਪੱਤਰ ਅੱਧੇ ਚੰਦੇ ਤੇ

ਹਿਮਾਚਲ ਪ੍ਰਦੇਸ਼ ਅਤੇ ਉੱਤਰ ਪ੍ਰਦੇਸ਼ ਵਿੱਚ ਸੂਰਾ ਪੱਤਰ ਪੜ੍ਹਨ ਦੇ ਚਾਹਵਾਨ ਸੱਜਣ ਹੇਠ ਲਿਖੇ ਪਤੇ ਤੇ ਅੱਧਾ ਚੰਦਾ ਭੇਜ ਕੇ ਸੂਰਾ ਲਗਵਾ ਸਕਦੇ ਹਨ-

ਭਾਈ ਪਰਮਜੀਤ ਸਿੰਘ ਜੀ,ਗੁਰੂ ਰਾਖਾ ਇੰਟਰਪ੍ਰਾਈਜਿਜ਼,ਪਾਉਂਟਾ ਸਾਹਿਬ ਹਿਮਾਚਲ ਪ੍ਰਦੇਸ਼ ਫੋਨ-01704-2367

## ਲੋੜ ਹੈ

ਕੈਨੇਡਾ ਵਾਸਤੇ, ਯੋਗ, ਮੇਹਨਤੀ, ਨਿਤਨੇਮੀ, ਧਰਮੀ, ਜਿਨ੍ਹਾਂ ਨੂੰ ਬੇਅੰਤ ਗੁਰਬਾਣੀ ਕੰਠ ਹੋਵੇ ਅਤੇ ਐਕਿਯੂਪ੍ਰੈਸ਼ਰ ਦਾ ਗਿਆਨ ਅਤੇ ਅਭਿਆਸ ਹੋਵੇ, ਧਾਰਮਿਕ/ਕੀਰਤਨੀਏ ਅਧਿਆਪਕ ਚਾਹੀਦੇ ਹਨ। ਤਨਖ਼ਾਹ ਯੋਗਤਾ ਅਨੁਸਾਰ। ਬਿਨੈ ਪੱਤਰ ਹੇਠ ਲਿਖੇ ਪਤੇ ਤੇ 31 ਅਕਤੂਬਰ ਤੱਕ ਭੇਜੇ ਜਾਣ। ਸੰਪਰਕ ਕੇਵਲ ਚਿੱਠੀ ਪੱਤਰ ਰਾਹੀਂ ਹੀ ਕੀਤਾ ਜਾਵੇ।

-ਭਾ. ਜੀਵਨ ਸਿੰਘ ਜੀ, ਸਤਿਨਾਮ ਟਰੱਸਟ,
ਜਲਵਾਣਾ ਡਾਕਖਾਨਾ ਲੋਹਟਬੱਦੀ (ਜ਼ਿਲਾ ਸੰਗਰੂਰ)

## ਵਾਜਬ ਕੀਮਤ ਤੇ ਕਕਾਰ

ਸੰਗਤਾਂ ਸੂਰਾ ਪੱਤਰ ਦੇ ਗੁ: ਸਿੰਘ ਸਭਾ ਮਾਡਲ ਟਾਊਨ ਲੁਧਿਆਣਾ ਵਾਲੇ ਦਫ਼ਤਰ ਤੋਂ ਹਰ ਸਮੇਂ ਅਤੇ ਕੀਰਤਨ ਸਮਾਗਮਾਂ ਸਮੇਂ ਸੂਰਾ ਦੇ ਸਟਾਲ ਤੋਂ ਵਾਜਬ ਕੀਮਤ ਤੇ ਕਕਾਰ ਪ੍ਰਾਪਤ ਕਰ ਸਕਦੀਆਂ ਹਨ।

## ਗੁਰਮੁਖੀ ਬਾਣਾ

ਗੁਰਮੁਖੀ ਬਾਣਾ ਸਾਡੇ ਗੁਰਮੁਖ ਹੋਣ ਦੀ ਸ਼ਾਹਦੀ ਭਰਦਾ ਹੈ। ਸਤਿਗੁਰੂ ਦੀ ਖੁਸ਼ੀ ਹਾਸਲ ਕਰਨ ਲਈ ਸਾਨੂੰ ਗੁਰਮੁਖੀ ਪਹਿਰਾਵੇ ਅਤੇ ਰਹਿਤ ਰਹਿਣੀ ਨੂੰ ਅਪਨਾਉਣਾ ਚਾਹੀਦਾ ਹੈ। ਕਿੰਨਾ ਚੰਗਾ ਹੋਵੇ ਕਿ ਕੀਰਤਨ ਸਮਾਗਮਾਂ ਤੇ ਸਾਰੇ ਵੀਰ ਭੈਣਾਂ ਕਮੀਜ਼ ਤੇ ਉਤੋਂ ਦੀ ਕ੍ਰਿਪਾਨਾਂ ਪਾ ਕੇ ਆਉਣ ਅਤੇ ਕੀਰਤਨ ਤੇ ਲੰਗਰ ਆਦਿ ਦੀ ਸੇਵਾ ਕਰਨ ਵਾਲੇ ਗੁਰਮੁਖੀ ਬਾਣੇ ਵਿੱਚ ਹੋਣ।

## ਦਿੱਲੀ ਗੁਰਦੁਆਰਾ ਕਮੇਟੀ ਵਲੋਂ ਇੰਟਰਨੈਟ ਉਪਰ ਵਿਸ਼ਵ ਪੱਧਰੀ ਵੇਬ ਸਾਈਟ

ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਗੁਰਦੁਆਰਾ ਮਾਤਾ ਸੁੰਦਰੀ ਵਿੱਚ ਆਪਣਾ ਇੱਕ ਵਿਸ਼ਵ ਪੱਧਰ ਦਾ ਸੰਚਾਰ ਯੰਤਰ 'ਵੇਬ-ਸਾਈਟ' ਇੰਟਰਨੈਟ ਨਾਲ ਜੋੜ ਕੇ ਸਥਾਪਤ ਕੀਤਾ ਹੈ। ਇਸ ਦਾ ਉਦਘਾਟਨ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜੱਥੇਦਾਰ ਸਿੰਘ ਸਾਹਿਬ ਪ੍ਰੋ: ਮਨਜੀਤ ਸਿੰਘ ਨੇ 8 ਜੁਲਾਈ, 1996 ਨੂੰ ਕੀਤਾ।

ਇਸ ਯੰਤਰ ਨਾਲ ਕਮੇਟੀ ਸੰਸਾਰ ਪੱਧਰ ਤੇ ਲੋਕਾਂ ਤੱਕ ਸਿੱਖ ਧਰਮ ਦੀਆਂ ਸਿੱਖਿਆਵਾਂ ਅਤੇ ਸੁਨੇਹੇ ਪਹੁੰਚਾਏਗੀ। ਇਸ ਤੋਂ ਇਲਾਵਾ ਇਸ ਨੂੰ ਸਿੱਖ ਧਰਮ, ਇਤਿਹਾਸ, ਪ੍ਰੰਪਰਾਵਾਂ, ਭਾਸ਼ਾ ਅਤੇ ਸਭਿਆਚਾਰ ਸਮੇਤ ਠੋਸ ਜਾਣਕਾਰੀ ਤੇ ਸੂਚਨਾ ਦਾ ਕੇਂਦਰ ਬਣਾਇਆ ਜਾਵੇਗਾ।

## ਫ੍ਰੀ ਲਿਟਰੇਚਰ ਫੰਡ ਲਈ ਪੁੱਜੀ ਸਹਾਇਤਾ

| | | | |
|---|---|---|---|
| ਅਮਨ ਬੈਰਿੰਗ ਏਜੰਸੀ | ੮੦੦/- | ਗੁਰਪ੍ਰੀਤ ਸਿੰਘ | ੧੦੦/- |
| ਗੁਪਤ | ੫੦੦/- | ਹਰਪ੍ਰੀਤ ਬਰਤਨ ਸਟੋਰ | ੨੧/- |

## 'ਸੂਰਾ' ਦੀ ਚੜ੍ਹਦੀ ਕਲਾ ਲਈ ਪੁੱਜੀ ਸਹਾਇਤਾ

| | | | |
|---|---|---|---|
| ਮੇਜਰ ਨਰਿੰਦਰ ਸਿੰਘ ਮੇਰਠ | ੩੦੦੦/- | ਸਮੂਹ ਸਾਧ ਸੰਗਤ vernon B.C., Canada | ੯੧੩੩/੪੧- |
| ਭਾਈ ਹਰਵਿੰਦਰ ਸਿੰਘ ਪੂਨਾ | ੨੫੧/- | ਭਾਈ ਰਿਪੁਦਮਨ ਸਿੰਘ ਮਲਿਕ | ੫੦੦੦/- |
| ਭਾਈ ਚਰਨਜੀਤ ਸਿੰਘ ਵਕੀਲ | ੧੬੭੩/- | ਭਾਈ ਗੁਰਚਰਨ ਸਿੰਘ ਵਾਰਾਨਸੀ | ੪੨੦/- |
| ਭਾਈ ਹਰੀ ਸਿੰਘ ਦੀ ਯਾਦ ਵਿੱਚ | | ਭਾਈ ਕਰਤਾਰ ਸਿੰਘ ਗਰੀਬ | ੨੧/- |
| (ਰਾਹੀ ਭਾਈ ਗੁਰਨਾਮ ਸਿੰਘ ਯੂ ਕੇ.) | ੧੨੦੦/- | ਭਾਈ ਵਰਿੰਦਰ ਸਿੰਘ | ੨੫੦/- |

www.AKJ.Org

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਉਤਸਵ ਪੁਰਬ ਤੇ ਜਲੰਧਰ ਵਿਖੇ ਰੈਣਿ ਸਬਾਈ ਕੀਰਤਨ
ਗੁ: ਪਾ: ੬, ਬਸਤੀ ਸ਼ੇਖ ਜਲੰਧਰ ਵਿਖੇ ਸਾਲਾਨਾ ਰੈਣਿ ਸਬਾਈ ਕੀਰਤਨ ਮਿਤੀ ੭ ਸਤੰਬਰ ੧੯੯੬ ਰਾਤ ਨੂੰ ਹੋਣਗੇ।

---

ਮਾਸਿਕ ਰੈਣਿ ਸਬਾਈ ਕੀਰਤਨ ਗੁ: ਅਕਾਲੀ ਵਾਲਾ ਨਾਰੰਗਵਾਲ ਵਿਖੇ ੭ ਸਤੰਬਰ ਰਾਤ ਨੂੰ।

---

ਗੁ: ਸਾਹਿਬ ਪਿੰਡ ਝਾਂਡੇ (ਲੁਧਿਆਣਾ) ਵਿਖੇ ਧਰਮ ਪ੍ਰਚਾਰ ਕੀਰਤਨ ਸਮਾਗਮ ੧ ਸਤੰਬਰ ਐਤਵਾਰ ਸਵੇਰ ਤੇ ਦੁਪਹਿਰ ਤੱਕ
ਗੁ: ਸਾਹਿਬ ਪਿੰਡ ਖਾਨਪੁਰ (ਲੁਧਿਆਣਾ) ਵਿਖੇ ਧਰਮ ਪ੍ਰਚਾਰ ਕੀਰਤਨ ਸਮਾਗਮ ੨੨ ਸਤੰਬਰ ਐਤਵਾਰ ਸਵੇਰ ਤੇ ਦੁਪਹਿਰ ਤੱਕ।
ਨੋਟ :– ੧ ਅਤੇ ੨੨ ਸਤੰਬਰ ਦੇ ਸਮਾਗਮ ਲਈ ਸੰਗਤਾਂ ਨੂੰ ਲਿਜਾਣ ਲਈ ਗੱਡੀ ਗੁ: ਸਿੰਘ ਸਭਾ ਮਾਡਲ ਟਾਊਨ ਤੇ ਸਵੇਰੇ ੫.੦੦ ਵਜੇ ਅਤੇ ਗੁ: ਛੇਵੀਂ ਪਾਤਸ਼ਾਹੀ ਸੀ. ਐਮ. ਸੀ. ਚੌਂਕ ਲੁਧਿਆਣਾ ਤੋਂ ਸਵੇਰੇ ੬.੦੦ ਵਜੇ ਚੱਲੇਗੀ।

---

ਗੁ: ਲਾਲ ਮਸੀਤ ਪੌਥੀ ਮੁਹੱਲਾ ਬੱਸੀ ਪਠਾਣਾਂ ਵਿਖੇ ਰੈਣਿ ਸਬਾਈ ਕੀਰਤਨ ੧੩ ਸਤੰਬਰ ਸ਼ੁੱਕਰਵਾਰ ਰਾਤ ਨੂੰ।
ਗੁ: ਟਾਹਲੀ ਸਾਹਿਬ ਪਿੰਡ ਘੋੜੇਵਾਹ (ਗੁਰਦਾਸਪੁਰ) ਵਿਖੇ ਰੈਣਿ ਸਬਾਈ ਕੀਰਤਨ ੧੪ ਸਤੰਬਰ ਰਾਤ ਨੂੰ।
ਗੁ: ਰਾਮਗੜ੍ਹੀਆ (ਹਲੂਟੀਵਾਲਾ) ਪਿੰਡ ਦਿਆਲਪੁਰ (ਕਪੂਰਥਲਾ) ਵਿਖੇ ਰੈਣਿ ਸਬਾਈ ਕੀਰਤਨ ੨੮ ਸਤੰਬਰ ਰਾਤ ਨੂੰ।

---

ਬਟਾਲਾ ਵਿਖੇ ਪਾ: ਪਹਿਲੀ ਦੇ ਵਿਆਹ ਪੁਰਬ ਦਾ ਸਾਲਾਨਾ ਅਖੰਡ ਕੀਰਤਨ ਸਮਾਗਮ

ਬੁੱਧਵਾਰ ੧੮ ਸਤੰਬਰ ੧੯੯੬ ਸ਼ਾਮ ੭ ਤੋਂ ੯ ਤੱਕ ਅਖੰਡ ਕੀਰਤਨ।
ਵੀਰਵਾਰ ੧੯ ਸਤੰਬਰ ੧੯੯੬ ਸਵੇਰੇ ੫ ਤੋਂ ੮ ਵਜੇ ਤੱਕ ਕੀਰਤਨ ਸ੍ਰੀ ਆਸਾ ਦੀ ਵਾਰ ਉਪਰੰਤ ਆਰੰਭ ਸ੍ਰੀ ਅਖੰਡ ਪਾਠ ਸਾਹਿਬ।
ਸ਼ਨੀਵਾਰ ੨੧ ਸਤੰਬਰ ੧੯੯੬ ਸਵੇਰੇ ੬ ਵਜੇ ਭੋਗ ਸ੍ਰੀ ਅਖੰਡ ਪਾਠ ਸਾਹਿਬ ਉਪਰੰਤ ਅਖੰਡ ਕੀਰਤਨ ਦੁਪਹਿਰ ਤੱਕ। ਸ਼ਾਮ
ਸ਼ਾਮ ੭ ਵਜੇ ਸੋ ਦਰੁ ਉਪਰੰਤ ਆਰੰਭ ਰੈਣਿ ਸਬਾਈ ਕੀਰਤਨ ਅਤੇ ਅੰਮ੍ਰਿਤ ਸੰਚਾਰ ਸਮਾਗਮ।
ਨੋਟ :– (੧) ਸਾਰੇ ਸਮਾਗਮ ਗੁਰੂ ਨਾਨਕ ਖਾਲਸਾ ਸੀਨੀਅਰ ਸੈਕੰਡਰੀ ਸਕੂਲ ਗੁਰਦਾਸਪੁਰ ਰੋਡ ਬਟਾਲਾ ਵਿਖੇ ਹੀ ਹੋਣਗੇ (੨) ਲੰਗਰ ਅਤੇ ਰਿਹਾਇਸ਼ ਦਾ ਪ੍ਰਬੰਧ ਸਕੂਲ ਵਿਖੇ ਹੀ ਹੋਵੇਗਾ। (੩) ਲੋੜ ਅਨੁਸਾਰ ਬਿਸਤਰੇ ਨਾਲ ਲਿਆਓ ਜੀ।

ਦਾਸਰੇ:– ਅਖੰਡ ਕੀਰਤਨੀ ਜੱਥਾ ਬਟਾਲਾ (ਗੁਰਦਾਸਪੁਰ)

---

ਗੁ: ਸਾਹਿਬ ਪਿੰਡ ਰਾਮਗੜ੍ਹ (ਚੰਡੀਗੜ੍ਹ ਰੋਡ) ਲੁਧਿਆਣਾ ਵਿਖੇ ਰੈਣਿ ਸਬਾਈ ਕੀਰਤਨ ੨੧ ਸਤੰਬਰ ਰਾਤ ਨੂੰ।
ਲੁਧਿਆਣਾ ਗੁ: ਸ੍ਰੀ ਗੁਰੂ ਤੇਗ ਬਹਾਦਰ ਸਾਹਿਬ, ਜੇਲ੍ਹ ਰੋਡ ਡੀਲਡ ਗੰਜ ਵਿਖੇ ਰੈਣਿ ਸਬਾਈ ਕੀਰਤਨ ੨੮ ਸਤੰਬਰ ਰਾਤ ਨੂੰ।

---

ਸ਼ਹੀਦਾਂ ਦੀ ਯਾਦ ਵਿੱਚ ਮੁਕਤਸਰ ਵਿਖੇ ਅਖੰਡ ਕੀਰਤਨ ਸਮਾਗਮ

੨੮ ਸਤੰਬਰ ਸਵੇਰੇ ੯ ਤੋਂ ੧ ਵਜੇ ਤੱਕ ਕੀਰਤਨ ਗੁ: ਟੁੱਟੀ ਗੰਢ ਸਾਹਿਬ। ਸ਼ਾਮ ਸੋਦਰ ਉਪਰੰਤ ਰੈਣਿ ਸਬਾਈ ਕੀਰਤਨ ਗੁ: ਤੰਬੂ ਸਾਹਿਬ ਵਿਖੇ। ਪ੍ਰਬੰਧਕ ਦਾਸਰੇ :– ਸਮੂਹ ਸਾਧ ਸੰਗਤ ਅਤੇ ਮੈਨੇਜਰ ਸ੍ਰੀ ਦਰਬਾਰ ਸਾਹਿਬ ਮੁਕਤਸਰ।

---

ਗੁ: ਪਾਤਸ਼ਾਹੀ ੬, ਪੁਲਪੁਖਤਾ ਟਾਂਡਾ ਵਿਖੇ ਸਾਲਾਨਾ ਅਖੰਡ ਕੀਰਤਨ ਸਮਾਗਮ ੩ ਤੋਂ ੬ ਅਕਤੂਬਰ ੧੯੯੬

---

U.K. ਵਿਖੇ ਅਖੰਡ ਕੀਰਤਨ ਸਮਾਗਮ

ਭਾਈ ਬਲਜੀਤ ਸਿੰਘ ਸਪੁੱਤਰ ਭਾਈ ਜ਼ੋਰਾਵਰ ਸਿੰਘ ਦੀ ਯਾਦ ਵਿੱਚ ਸਾਲਾਨਾ ਅਖੰਡ ਪਾਠ ੬ ਸਤੰਬਰ ਤੋਂ ੮ ਸਤੰਬਰ ਸਵੇਰ ਤੱਕ ਉਪਰੰਤ ਦੁਪਹਿਰ ਤੱਕ ਅਖੰਡ ਕੀਰਤਨ ਸਮਾਗਮ 55-NORTH DRIVE OFF GIBSON ROAD, HANDSWORTH, BIRMINGHAM-20 U.K. ਵਿਖੇ ਹੋਣਗੇ।– Tel. 0121-554-5532

---

## 'ਸੂਰਾ' ਅਗਸਤ 96 ਵਿੱਚ ਹੋਈ ਭੁੱਲ ਦੀ ਸੋਧ

1. ਗੁ: ਮੰਜੀ ਸਾਹਿਬ ਅੰਬਾਲਾ ਵਿਖੇ 10.8.96 ਨੂੰ ਹੋਣ ਵਾਲਾ ਰੈਣਿ ਸਬਾਈ ਕੀਰਤਨ ਸਮਾਗਮ ਗਲਤੀ ਨਾਲ 10.9.96 ਨੂੰ ਛਪ ਗਿਆ ਸੀ। ਇਸ ਭੁੱਲ ਲਈ ਸੰਗਤ ਕੋਲੋਂ ਖਿਮਾ ਦੇ ਜਾਚਕ ਹਾਂ ਜੀ।
2. ਭਾਈ ਆਤਮਾ ਸਿੰਘ ਜੀ ਦੀ ਯਾਦ ਵਿੱਚ ਗੁ: ਪੰਜੋਖਰਾ ਸਾਹਿਬ ਵਿਖੇ 28 ਸਤੰਬਰ ਸਵੇਰੇ ਭੋਗ ਸ੍ਰੀ ਅਖੰਡ ਪਾਠ ਸਾਹਿਬ ਉਪਰੰਤ ਦੁਪਿਹਰ ਤੱਕ ਅਖੰਡ ਕੀਰਤਨ ਅਤੇ ਰਾਤ ਨੂੰ ਰੈਣਿ ਸਬਾਈ ਕੀਰਤਨ ਤੇ ਅੰਮ੍ਰਿਤ ਸੰਚਾਰ ਹੋਣਗੇ।

---

## ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਨਿਤਨੇਮ ਉਤਸ਼ਾਹਿਤ ਸਕੀਮ

ਹਰ ਸਾਲ ਦੀ ਤਰ੍ਹਾਂ ਇਸ ਸਕੀਮ ਦੇ ਅਧੀਨ ਪ੍ਰਾਇਮਰੀ ਤੋਂ ਲੈ ਕੇ ਕਾਲਜ ਤੱਕ ਦੀ ਵਿਦਿਆ ਪਾ ਰਹੇ ਅੰਮ੍ਰਿਤਧਾਰੀ ਬੱਚਿਆਂ ਦੀ ਪ੍ਰੀਖਿਆ ਦਿੱਲੀ ਵਿਖੇ ਸਾਲਾਨਾ ਸਮਾਗਮ ਦੌਰਾਨ 20.10.96 ਨੂੰ ਹੋਵੇਗੀ। ਪ੍ਰੀਖਿਆ ਦੇਣ ਦੇ ਚਾਹਵਾਨ ਬੱਚੇ ਲੋੜੀਂਦੇ ਫਾਰਮ : ਸਕੱਤਰ, ਭਾਈ ਸਾਹਿਬ ਰਣਧੀਰ ਸਿੰਘ ਟਰੱਸਟ, 23 – ਜੀ. ਸਰਾਭਾ ਨਗਰ, ਲੁਧਿਆਣਾ ਤੋਂ ਮੰਗਵਾ ਕੇ ਚੰਗੀ ਤਰ੍ਹਾਂ ਭਰ ਕੇ ਵਾਪਸ ਇਸੇ ਹੀ ਪਤੇ ਤੇ 5 ਅਕਤੂਬਰ, 1996 ਤੱਕ ਭੇਜ ਦੇਣ।

–ਸਕੱਤਰ, ਭਾਈ ਸਾਹਿਬ ਰਣਧੀਰ ਸਿੰਘ ਟਰੱਸਟ

SURA(Monthly) KOTHI No. 12, BLOCK-I BHAI RANDHIR SINGH NAGAR, LUDHIANA-141004

www.AKJ.Org